Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

Vol : 4 : # ਅੰਕ 64 | 12/07/2025 | www.samajweekly.com | samajweekly | @samajweekly | samajweekly

# ਪੰਜਾਬ ਵਿਧਾਨ ਸਭਾ ਵੱਲੋਂ ਡੈਮਾਂ ’ਤੇ ਕੇਂਦਰੀ ਬਲਾਂ ਖ਼ਿਲਾਫ਼ ਮਤਾ ਪਾਸ

## ‘ਆਪ’ ਦੇ ਨਿਸ਼ਾਨੇ ’ਤੇ ਕੇਂਦਰ ਸਰਕਾਰ ਅਤੇ ਕਾਂਗਰਸ ਪਾਰਟੀ; ਮੁੱਖ ਮੰਤਰੀ ਵੱਲੋਂ ਬੀਬੀਐੱਮਬੀ ਚਿੱਟਾ ਹਾਥੀ ਕਰਾਰ

**ਚੰਡੀਗੜ੍ਹ।** ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਇਜਲਾਸ ਦੇ ਦੂਸਰੇ ਦਿਨ ਸਦਨ ਨੇ ਪੰਜਾਬ ਦੇ ਡੈਮਾਂ ’ਤੇ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਖ਼ਿਲਾਫ਼ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ। ਸਦਨ ’ਚ ਭਾਜਪਾ ਵਿਧਾਇਕ ਜੰਗੀ ਲਾਲ ਮਹਾਜਨ ਨੇ ਮਤੇ ਦੀ ਜ਼ੋਰਦਾਰ ਹਮਾਇਤ ਕੀਤੀ ਜਦਕਿ ਸ਼੍ਰੋਮਣੀ ਅਕਾਲੀ ਦਲ ਦੀ ਵਿਧਾਇਕਾ ਗਨੀਵ ਕੌਰ ਮਜੀਠੀਆ ਗੈਰ-ਹਾਜ਼ਰ ਰਹੇ। ਭਾਜਪਾ ਵਿਧਾਇਕ ਅਸ਼ਵਨੀ ਸ਼ਰਮਾ, ਜੋ ਹਾਲ ਹੀ ’ਚ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਬਣੇ ਹਨ, ਬਹਿਸ ਮੌਕੇ ਸਦਨ ’ਚ ਹਾਜ਼ਰ ਨਹੀਂ ਸਨ। ਸਪੀਕਰ ਨੇ ਮਤੇ ਅਤੇ ਪੰਜ ਬਿੱਲਾਂ ਦੇ ਪਾਸ ਹੋਣ ਮਗਰੋਂ ਸਦਨ ਦੀ ਕਾਰਵਾਈ ਸੋਮਵਾਰ ਦੁਪਹਿਰ ਦੋ ਵਜੇ ਤੱਕ ਲਈ ਮੁਲਤਵੀ ਕਰ ਦਿੱਤੀ। ਬਹਿਸ ਦੌਰਾਨ ਕੇਂਦਰ ਸਰਕਾਰ ਸਿੱਧੇ ਤੌਰ ’ਤੇ ਨਿਸ਼ਾਨੇ ’ਤੇ ਰਹੀ ਅਤੇ ਅਤੀਤ ’ਚ ਪਾਣੀਆਂ ਦੇ ਮੁੱਦਿਆਂ ’ਤੇ ਕਾਂਗਰਸ ਦੀ ਭੂਮਿਕਾ ਬਾਰੇ ਸਿੱਧੇ ਸੁਆਲ ਉੱਠੇ। ਸਦਨ ’ਚ ਵਿਰੋਧੀ ਧਿਰ ਵੱਲੋਂ ਕੁੱਝ ਸੁਝਾਅ ਤਾਂ ਆਏ ਪ੍ਰੰਤੂ ਕਾਂਗਰਸ ਇਸ ਸਬੰਧੀ ਸਫ਼ਾਈ ਬੱਝਵੇਂ ਢੰਗ ਨਾਲ ਪੇਸ਼ ਨਾ ਕਰ ਸਕੀ। ਬਹਿਸ ਦੌਰਾਨ ਹਰਿਆਣਾ ਪ੍ਰਤੀ ਨਰਮੀ ਨਜ਼ਰ ਆਈ ਅਤੇ ਹਾਕਮ ਧਿਰ ਨੇ ਡੈਮਾਂ ’ਤੇ ਕੇਂਦਰੀ ਬਲਾਂ ਦੀ ਤਾਇਨਾਤੀ ਨੂੰ ਡੂੰਘੀ ਸਾਜ਼ਿਸ਼ ਦੱਸਿਆ। ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਮਤਾ ਪੇਸ਼ ਕੀਤਾ। ਡੈਮਾਂ ’ਤੇ ਕੇਂਦਰੀ ਸੁਰੱਖਿਆ ਬਲਾਂ ਦੀ ਤਾਇਨਾਤੀ ਲਈ ਸਹਿਮਤੀ ਦੇਣ ਕਰਕੇ ਪਿਛਲੀ ਕਾਂਗਰਸ ਸਰਕਾਰ ਨਿਸ਼ਾਨੇ ’ਤੇ ਰਹੀ। ਮੁੱਖ ਮੰਤਰੀ ਭਗਵੰਤ ਮਾਨ ਨੇ ਬਹਿਸ ਨੂੰ ਸਮੇਟਦਿਆਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਨੂੰ ਚਿੱਟਾ ਹਾਥੀ ਕਰਾਰ ਦਿੱਤਾ। ਉਨ੍ਹਾਂ ਬੀਬੀਐੱਮਬੀ ਦੇ ਪੁਨਰਗਠਨ ਦੀ ਮੰਗ ਕਰਦਿਆਂ ਕਿਹਾ ਕਿ 60 ਫ਼ੀਸਦੀ ਖ਼ਰਚਾ ਝੱਲਣ ਦੇ ਬਾਵਜੂਦ ਪੰਜਾਬ ਨਾਲ ਅਨਿਆਂ ਹੋ ਰਿਹਾ ਹੈ। ਉਨ੍ਹਾਂ ਸੂਬਾਈ ਹਿੱਤਾਂ ਨੂੰ ਖ਼ਤਰੇ ਵਿੱਚ ਨਾ ਪਾਉਣ ਦਾ ਵਚਨ ਦਿੱਤਾ। ਮਾਨ ਨੇ ਕਿਹਾ ਕਿ ਜਦੋਂ ਪੰਜਾਬ ਪੁਲੀਸ ਸ਼ੁਰੂ ਤੋਂ ਡੈਮਾਂ ਦੀ ਸੁਰੱਖਿਆ ਮੁਫ਼ਤ ’ਚ ਕਰ ਰਹੀ ਹੈ ਤਾਂ ਉਹ ਕੇਂਦਰੀ ਬਲਾਂ ਦਾ ਖ਼ਰਚਾ ਕਿਉਂ ਝੱਲਣਗੇ। ਮੁੱਖ ਮੰਤਰੀ ਨੇ



ਕਿਹਾ, ‘‘ਜੇ ਅਸੀਂ ਸਰਹੱਦਾਂ ਦੀ ਰਾਖੀ ਕਰ ਸਕਦੇ ਹਾਂ, ਅਤਿਵਾਦ ਖ਼ਿਲਾਫ਼ ਲੜ ਸਕਦੇ ਹਾਂ ਅਤੇ ਨਸ਼ਿਆਂ ਖ਼ਿਲਾਫ਼ ਡਟ ਸਕਦੇ ਹਾਂ ਤਾਂ ਡੈਮਾਂ ਦੀ ਸੁਰੱਖਿਆ ਵੀ ਖ਼ੁਦ ਕਰ ਸਕਦੇ ਹਾਂ। ਡੈਮਾਂ ’ਤੇ ਜਬਰੀ ਨੀਮ ਫ਼ੌਜੀ ਬਲ ਤਾਇਨ-ਾਤ ਕੀਤੇ ਜਾ ਰਹੇ ਹਨ ਜਿਸ ਦਾ ਵਾਧੂ ਖ਼ਰਚਾ ਸੂਬਾ ਕਿਸੇ ਸੂਰਤ ਵਿੱਚ ਨਹੀਂ ਚੁੱਕੇਗਾ।’’ ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਪਾਣੀਆਂ ਬਾਰੇ ਵੀ ਝਗੜਾ 1955 ਤੋਂ ਸ਼ੁਰੂ ਹੋਇਆ ਅਤੇ ਪਾਣੀਆਂ ਦਾ ਮੁੜ ਕਦੇ ਵੀ ਮੁਲਾਂਕਣ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਸਿੰਧ ਜਲ ਸੰਧੀ ਮੁਅੱਤਲ ਕੀਤੇ ਜਾਣ ਮਗਰੋਂ ਪੱਛਮੀ ਦਰਿਆਵਾਂ ਦਾ ਪਾਣੀ ਪਹਿਲ ਦੇ ਆਧਾਰ ’ਤੇ ਪੰਜਾਬ ਨੂੰ ਮਿਲਣਾ ਚਾਹੀਦਾ ਹੈ ਅਤੇ ਇਸ ਨਾਲ ਪੰਜਾਬ ਲਈ 23 ਐੱਮਏਐੱਫ਼ ਵਾਧੂ ਪਾਣੀ ਯਕੀਨੀ ਬਣਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਪੰਜਾਬ ਦੀ ਕਿਸਾਨੀ ਦੇ ਯੋਗਦਾਨ ਦੇ ਮੱਦੇਨਜ਼ਰ ਸੂਬੇ ਨੂੰ ਢੁੱਕਵਾਂ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸੂਬਿਆਂ ਦੇ ਅਧਿਕਾਰਾਂ ਨੂੰ ਅੱਖੋਂ-ਪਰੋਖੇ ਕਰਕੇ ਵਿਰੋਧੀ ਧਿਰ ਦੀ ਸੱਤਾ ਵਾਲੇ ਸੂਬਿਆਂ ਖ਼ਾਸ ਕਰਕੇ ਪੰਜਾਬ ਦੀ ਸ਼ਾਂਤੀ ਭੰਗ ਕਰਨ ਲਈ ਕੇਂਦਰੀ ਏਜੰਸੀਆਂ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਪੰਜਾਬ ਦੇ ਪਾਣੀਆਂ ਦੀ ਲੁੱਟ ’ਚ ਮੁੱਖ ਦੋਸ਼ੀ ਹਨ ਅਤੇ ਅਮਰਿੰਦਰ ਸਰਕਾਰ ਵੱਲੋਂ ਪਾਸ ਕੀਤਾ 2004 ਵਾਲਾ ਕਾਨੂੰਨ ਹਾਲੇ ਵੀ ਜਾਂਚ ਅਧੀਨ ਹੈ। ਉਨ੍ਹਾਂ ਕਿਹਾ, ‘‘ਪਿਛਲੀਆਂ ਸਰਕਾਰਾਂ ਨੇ ਪੰਜਾਬ ਵਿਰੋਧੀ ਤਾਕਤਾਂ ਨਾਲ ਮਿਲ ਕੇ ਸੂਬੇ ਦੇ ਪਾਣੀਆਂ ਨੂੰ ਲੁੱਟਿਆ। ਐੱਸਵਾਈਐੱਲ ਦਾ ਸਰਵੇਖਣ ਕਿਸ ਨੇ ਕਰਵਾਇਆ ਸੀ ਜਾਂ ਚਾਂਦੀ ਦੀ ਕਹੀ ਨਾਲ ਨਹਿਰ ਦਾ ਨੀਂਹ ਪੱਥਰ ਕਿਸ ਨੇ ਰੱਖਿਆ ਸੀ।’’ ਉਨ੍ਹਾਂ ਕਿਹਾ ਕਿ ਉਹ ਰਵਾਇਤੀ ਸਿਆਸੀ ਪਾਰਟੀਆਂ ਦੀ ਕਾਰਗੁਜ਼ਾਰੀ ਕਾਰਨ ਹੀ ਸਿਆਸਤ ਵਿੱਚ ਆਏ ਹਨ। ਇਸ ਤੋਂ ਪਹਿਲਾਂ ਬਹਿਸ ’ਚ ਹਿੱਸਾ ਲੈਂਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਪਾਣੀਆਂ ਦੇ ਮਾਮਲੇ ’ਤੇ ਪੰਜਾਬ ਨਾਲ ਹੋਏ ਅਨਿਆਂ ਦੀ ਗਾਥਾ ਨੂੰ ਦਲੀਲਾਂ ਨਾਲ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਨੇ ਬੀਬੀਐੱਮਬੀ ਦੇ 104 ਕਰੋੜ ਰੁਪਏ ਰੋਕ ਲਏ ਹਨ ਅਤੇ ਪੁਰਾਣੇ ਫ਼ੰਡਾਂ ਦਾ ਆਡਿਟ ਕਰਾਏ ਜਾਣ ਲਈ ਪੱਤਰ ਲਿਖਿਆ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਬਲਾਂ ਦੀ ਤਾਇਨਾਤੀ ਪਿੱਛੇ ਪੰਜਾਬ ਦੇ ਪਾਣੀਆਂ ’ਤੇ ਡਾਕਾ ਮਾਰਨ ਦੀ ਸਾਜ਼ਿਸ਼ ਹੈ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਬਹਿਸ ਦੌਰਾਨ ਕਿਹਾ ਕਿ ਬੀਬੀਐੱਮਬੀ ਵਿੱਚ ਭਾਈਵਾਲ ਚਾਰ ਸੂਬਿਆਂ ’ਚੋਂ ਤਿੰਨ ਨੇ ਕਾਂਗਰਸੀ ਹਕੂਮਤ ਦੌਰਾਨ ਕੇਂਦਰੀ ਬਲਾਂ ਦੀ ਤਾਇਨਾਤੀ ਨੂੰ ਸਹਿਮਤੀ ਦਿੱਤੀ। ਇੱਥੋਂ ਤੱਕ ਕਿ ਅਮਰਿੰਦਰ ਸਿੰਘ ਨੇ ਪੰਜਾਬ ਦੀਆਂ ਜੇਲ੍ਹਾਂ ਦੀ ਸੁਰੱਖਿਆ ਕੇਂਦਰੀ ਸੁਰੱਖਿਆ ਬਲਾਂ ਹਵਾਲੇ ਕਰਨ ਵਾਸਤੇ ਕੇਂਦਰ ਨੂੰ ਪੱਤਰ ਲਿਖ ਦਿੱਤਾ ਸੀ। ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਕੇਂਦਰੀ ਜਲ ਕਮਿਸ਼ਨ ਨੇ ਸ਼ਾਰਦਾ ਦਰਿਆ ਦੇ ਸਰਪਲੱਸ ਪਾਣੀ ਬਾਰੇ ਰਿਪੋਰਟ ਦਿੱਤੀ ਸੀ ਜਿਸ ਦੇ ਅਮਲ ਨਾਲ ਕਈ ਮਸਲੇ ਹੱਲ ਹੋ ਜਾਣੇ ਸਨ। ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸੁਝਾਅ ਦਿੱਤਾ ਕਿ ਪੰਜਾਬ ਪੁਨਰਗਠਨ ਐਕਟ ਦੀਆਂ ਵਿਵਾਦਤ ਧਾਰਾਵਾਂ ਨੂੰ ਖ਼ਤਮ ਕਰਕੇ ਹੀ ਮਸਲੇ ਦੀ ਜੜ੍ਹ ਕੱਟੀ ਜਾ ਸਕਦੀ ਹੈ। ਸਰਕਾਰ ਨੇ ਡੈਮ ਸੇਫ਼ਟੀ ਐਕਟ ਨੂੰ ਲੈ ਕੇ ਨਵਾਂ ਕਾਨੂੰਨ ਲਿਆਉਣ ਦੀ ਗੱਲ ਕਹੀ ਸੀ, ਜੋ ਹਕੀਕਤ ਨਹੀਂ ਬਣ ਸਕੀ।

# ਭਾਜਪਾ ਦਾ ਮਕਸਦ ਸੰਵਿਧਾਨ ਨੂੰ ਬਦਲਣਾ: ਖੜਗੇ

**ਭੁਬਨੇਸ਼ਵਰ।** ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਅੱਜ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਅਗਵਾਈ ਹੇਠਲੀ ਕੇਂਦਰ ਸਰਕਾਰ ਸੰਵਿਧਾਨ ’ਚੋਂ ‘ਧਰਮ ਨਿਰਪੱਖਤਾ’ ਤੇ ‘ਸਮਾਜਵਾਦ’ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਖੜਗੇ ਨੇ ਇੱਥੇ ਪਾਰਟੀ ਦੇ ‘ਸੰਵਿਧਾਨ ਬਚਾਓ ਸਮਾਵੇਸ਼’ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਇਹ ਵੀ ਕਿਹਾ ਕਿ ਭਾਜਪਾ ਦੇ ਸ਼ਾਸਨ ’ਚ ਆਦਿਵਾਦੀ, ਦਲਿਤ, ਮਹਿਲਾਵਾਂ ਤੇ ਨੌਜਵਾਨ ਸੁਰੱਖਿਅਤ ਨਹੀਂ ਹਨ। ਉਨ੍ਹਾਂ ਕਿਹਾ, ‘ਭਾਜਪਾ ਦਾ ਮਿਸ਼ਨ ਸੰਵਿਧਾਨ ਨੂੰ ਬਦਲਣਾ ਹੈ। ਕੇਂਦਰ ਦੀ ਭਾਜਪਾ ਸਰਕਾਰ ਸਾਡੇ ਸੰਵਿਧਾਨ ’ਚੋਂ ਧਰਮ ਨਿਰਪੇਖਤਾ ਤੇ ਸਮਾਜਵਾਦ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।’ ਉਨ੍ਹਾਂ ਕਿਹਾ, ‘ਭਾਜਪਾ ਦਾ ਮਿਸ਼ਨ ਸੰਵਿਧਾਨ ਨੂੰ ਬਦਲਣਾ ਹੈ। ਕੇਂਦਰ ਦੀ ਭਾਜਪਾ ਸਰਕਾਰ ਸਾਡੇ ਸੰਵਿਧਾਨ ’ਚੋਂ ਧਰਮ ਨਿਰਪੇਖਤਾ ਤੇ ਸਮਾਜਵਾਦ ਨੂੰ ਹਟਾਉਣ ਦੀ ਕੋਸ਼ਿਸ਼ ਕਰ ਰਹੀ ਹੈ।’ ਖੜਗੇ ਨੇ ਕਿਹਾ ਕਾਂਗਰਸ ਨੇ 2006 ’ਚ ਗਰੀਬਾਂ ਤੇ ਆਦਿਵਾਦੀਆਂ ਦੀ ਰੱਖਿਆ



ਲਈ ਜੰਗਲਾਤ ਅਧਿਕਾਰ ਕਾਨੂੰਨ ਪੇਸ਼ ਕੀਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠਲੀ ਸਰਕਾਰ ਇਸ ਕਾਨੂੰਨ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਦਾਅਵਾ ਕੀਤਾ, ‘ਉਦਯੋਗ ਦੇ ਨਾਂ ’ਤੇ ਭਾਜਪਾ ਸਰਕਾਰ ਹਰ ਥਾਂ ਜੰਗਲ ਤਬਾਹ ਕਰ ਰਹੀ ਹੈ। ਜੇ ਦਲਿਤ, ਆਦਿਵਾਸੀ ਤੇ ਨੌਜਵਾਨ ਆਪਣੇ ਅਧਿਕਾਰਾਂ ਲਈ ਲੜਨਾ ਨਹੀਂ ਸਿੱਖਣਗੇ ਤਾਂ ਉਨ੍ਹਾਂ ਦਾ ਵੀ ਸਫਾਇਆ ਕਰ ਦਿੱਤਾ ਜਾਵੇਗਾ।’ ਖੜਗੇ ਨੇ ਉੜੀਸਾ ’ਚ ਭਾਜਪਾ ਹਮਾਇਤੀਆਂ ’ਤੇ ਦਲਿਤਾਂ ਤੇ ਸਰਕਾਰੀ ਅਧਿਕਾਰੀਆਂ ’ਤੇ ਹਮਲਾ ਕਰਨ ਦਾ ਵੀ ਦੋਸ਼ ਲਾਇਆ। ਉਨ੍ਹਾਂ ਕੇਂਦਰ ਸਰਕਾਰ ਨੂੰ ਨਿਸ਼ਾਨੇ ’ਤੇ ਲੈਂਦਿਆਂ ਇਹ ਵੀ ਕਿਹਾ ਕਿ ਕਾਂਗਰਸ ਸਰਕਾਰ ਨੇ ਭਾਰਤ ’ਚ 160 ਜਨਤਕ ਇਕਾਈਆਂ ਸਥਾਪਤ ਕੀਤੀਆਂ ਸਨ ਜਦਕਿ ਭਾਜਪਾ ਸਰਕਾਰ ਨੇ ‘ਉਨ੍ਹਾਂ ’ਚੋਂ 23 ਦਾ ਨਿੱਜੀਕਰਨ ਕਰ ਦਿੱਤਾ ਹੈ।’

# ਟਰੰਪ ਨੇ ਕੈਨੇਡਾ 'ਤੇ ਲਗਾਇਆ 35% ਟੈਰਿਫ, ਕਿਹਾ- ਜੇਕਰ ਜਵਾਬ ਦਿੱਤਾ, ਤਾਂ ਅਸੀਂ ਇਸਨੂੰ ਹੋਰ ਵਧਾਵਾਂਗੇ

**ਵਾਸ਼ਿੰਗਟਨ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਤੋਂ ਆਉਣ ਵਾਲੀਆਂ ਚੀਜ਼ਾਂ 'ਤੇ 35% ਟੈਰਿਫ ਲਗਾਉਣ ਦਾ ਫੈਸਲਾ ਕੀਤਾ ਹੈ। ਟਰੰਪ ਨੇ ਵੀਰਵਾਰ ਨੂੰ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਇੱਕ ਪੱਤਰ ਭੇਜ ਕੇ ਇਸਦਾ ਐਲਾਨ ਕੀਤਾ। ਪੱਤਰ ਅਨੁਸਾਰ, ਅਮਰੀਕਾ 1 ਅਗਸਤ, 2025 ਤੋਂ ਕੈਨੇਡਾ 'ਤੇ ਨਵੇਂ ਟੈਰਿਫ ਲਗਾਏਗਾ। ਟਰੰਪ ਨੇ ਇਹ ਵੀ ਚੇਤਾਵਨੀ ਦਿੱਤੀ ਸੀ ਕਿ ਜੇਕਰ ਕੈਨੇਡਾ ਇਸਦਾ ਜਵਾਬ ਦਿੰਦਾ ਹੈ, ਤਾਂ ਇਹ ਟੈਰਿਫ ਹੋਰ ਵਧਾ ਦਿੱਤਾ ਜਾਵੇਗਾ।

ਅਮਰੀਕਾ ਪਹਿਲਾਂ ਹੀ ਮਾਰਚ 2025 ਵਿੱਚ ਕੈਨੇਡਾ 'ਤੇ 25% ਟੈਰਿਫ ਲਗਾ ਚੁੱਕਾ ਹੈ। ਇਸ ਕਦਮ ਨੂੰ ਦੋਨਾਂ ਦੇਸ਼ਾਂ ਵਿਚਕਾਰ ਦਹਾਕਿਆਂ ਪੁਰਾਣੇ ਵਪਾਰ ਅਤੇ ਕੂਟਨੀਤਕ ਸਬੰਧਾਂ ਵਿੱਚ ਇੱਕ ਵੱਡਾ ਪਾੜਾ ਮੰਨਿਆ ਜਾਂਦਾ ਹੈ।





ਟਰੰਪ ਨੇ ਇਸ ਫੈਸਲੇ ਦੇ ਪਿੱਛੇ ਕੈਨੇਡਾ ਤੋਂ ਅਮਰੀਕਾ ਨੂੰ ਫੈਂਟਾਨਿਲ ਦੀ ਤਸਕਰੀ ਦਾ ਕਾਰਨ ਦੱਸਿਆ ਹੈ। ਹਾਲਾਂਕਿ, ਉਨ੍ਹਾਂ ਨੇ ਪੱਤਰ ਵਿੱਚ ਲਿਖਿਆ ਕਿ ਫੈਂਟਾਨਿਲ ਇਕੱਲੀ ਸਮੱਸਿਆ ਨਹੀਂ ਹੈ। ਕੈਨੇਡਾ ਦੀਆਂ ਬਹੁਤ ਸਾਰੀਆਂ ਟੈਰਿਫ ਅਤੇ ਗੈਰ-ਟੈਰਿਫ ਨੀਤੀਆਂ ਹਨ, ਜੋ ਅਮਰੀਕੀ ਵਪਾਰ ਦੇ ਵਿਰੁੱਧ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵੀਰਵਾਰ ਨੂੰ ਬ੍ਰਾਜ਼ੀਲ ਤੋਂ ਆਯਾਤ ਕੀਤੀਆਂ ਜਾਣ ਵਾਲੀਆਂ ਵਸਤਾਂ 'ਤੇ 50% ਟੈਰਿਫ ਲਗਾਉਣ ਦਾ ਐਲਾਨ ਕੀਤਾ। ਇਸ ਸਬੰਧੀ ਉਨ੍ਹਾਂ ਨੇ ਟਰੂਥ ਸੋਸ਼ਲ 'ਤੇ ਇੱਕ ਪੱਤਰ ਸਾਂਝਾ ਕੀਤਾ। ਇਸ ਵਿੱਚ ਉਨ੍ਹਾਂ ਨੇ ਬ੍ਰਾਜ਼ੀਲ ਦੇ ਸਾਬਕਾ ਰਾਸ਼ਟਰਪਤੀ ਅਤੇ ਉਨ੍ਹਾਂ ਦੇ ਦੋਸਤ ਜੈਅਰ ਬੋਲ-ਸੋਨਾਰੋ ਵਿਰੁੱਧ ਚੱਲ ਰਹੇ ਮੁਕੱਦਮੇ ਦੀ ਨਿੰਦਾ ਕੀਤੀ।

ਬੋਲਸੋਨਾਰੋ 'ਤੇ 8 ਜਨਵਰੀ 2023 ਨੂੰ ਬ੍ਰਾਜ਼ੀਲ ਦੀ ਰਾਜਧਾਨੀ ਬ੍ਰਾਸੀਲੀਆ ਵਿੱਚ ਹੋਏ ਦੰਗਿਆਂ ਲਈ ਕਥਿਤ ਤੌਰ 'ਤੇ ਤਖ਼ਤਾ ਪਲਟਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਹੈ।

# ਕਪੂਰਥਲਾ ’ਚ ਵੱਡੀ ਮਾਤਰਾ ਵਿਚ ਅਸਲਾ ਬਰਾਮਦ

**ਕਪੂਰਥਲਾ ।** ਫਿਲਵਾਂ ਟੋਲ ਪਲਾਜ਼ਾ ’ਤੇ ਬੀਤੀ 25 ਜੂਨ ਨੂੰ ਚਾਰ ਬਦਮਾਸ਼ਾਂ ਵਲੋਂ ਟੋਲ ਪਰਚੀ ਬਚਾਉਣ ਨੂੰ ਲੈ ਕੇ ਹੋਈ ਫ਼ਾਇਰਿੰਗ ਦੇ ਮਾਮਲੇ ਵਿਚ ਪੁਲਿਸ ਨੇ ਸੀ.ਸੀ.ਟੀ.ਵੀ. ਫ਼ੁਟੇਜ ਅਤੇ ਹਿਊਮਨ ਇੰਟੈਲੀਜੈਂਸੀ ਦੀ ਮਦਦ ਨਾਲ ਬੀਤੇ ਦਿਨੀਂ ਦੋ ਬਦਮਾਸ਼ਾਂ ਨੂੰ ਕਾਬੂ ਕੀਤਾ ਸੀ, ਜਿਨ੍ਹਾਂ ਦੀ ਨਿਸ਼ਾਨਦੇਹੀ ’ਤੇ ਅੱਜ ਸਵੇਰੇ ਫਿਲਵਾਂ ਮੰਡ ਖੇਤਰ ’ਚ ਵੱਡੀ ਮਾਤਰਾ ਵਿਚ ਅਸਲਾ ਬਰਾਮਦ ਕੀਤਾ ਗਿਆ ਹੈ। ਕਾਬੂ ਕੀਤੇ ਗਏ ਮੁਲਜ਼ਮਾਂ ਦੀ ਪਛਾਣ ਰਮਨਦੀਪ ਸਿੰਘ ਕੱਥੂ ਨੰਗਲ ਅੰਮ੍ਰਿਤਸਰ ਤੇ ਉਸ ਦਾ ਸਾਥੀ ਵਾਸੀ ਅੰਮ੍ਰਿਤਸਰ ਵਜੋਂ ਹੋਈ ਹੈ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪੁਲਿਸ ਮੁਖੀ ਗੌਰਵ ਤੂਰਾ ਨੇ ਦਸਿਆ ਕਿ ਫਿਲਵਾਂ ਮੰਡ ਖੇਤਰ ਵਿਚ ਅਸਲੇ ਦੀ ਬਰਾਮਦਗੀ ਦੌਰਾਨ ਇਕ ਮੁਲਜ਼ਮ ਰਮਨਦੀਪ ਸਿੰਘ ਵਲੋਂ ਕਥਿਤ ਤੌਰ ’ਤੇ ਪੁਲਿਸ ਮੁਲਾਜ਼ਮਾਂ ਨੂੰ ਧੱਕਾ ਦੇ ਕੇ ਭੱਜਣ ਦੀ ਕੋਸ਼ਿਸ਼ ਕੀਤੀ ਗਈ, ਇਸ ਦੌਰਾਨ ਹੋਏ ਐਨਕਾਊਂਟਰ ਵਿਚ ਉਸ ਦੇ ਪੈਰ ਵਿਚ ਗੋਲੀ



ਲੱਗਣ ਕਾਰਨ ਉਹ ਜ਼ਖ਼ਮੀ ਹੋ ਗਿਆ, ਜਿਸ ਨੂੰ ਸਿਵਲ ਹਸਪਤਾਲ ਕਪੂਰਥਲਾ ਇਲਾਜ ਲਈ ਦਾਖ਼ਲ ਕਰਵਾਇਆ ਗਿਆ। ਉਨ੍ਹਾਂ ਦਸਿਆ ਕਿ ਮੁੱਖ ਮੁਲਜ਼ਮ ਰਮਨਦੀਪ ਸਿੰਘ ਵਿਰੁਧ ਪਹਿਲਾਂ ਵੀ ਬਹੁਤ ਸਾਰੇ ਮੁਕੱਦਮੇ ਦਰਜ ਹਨ। ਜ਼ਿਲਾ ਪੁਲਿਸ ਮੁਖੀ ਨੇ ਦਸਿਆ ਕਿ ਇਨ੍ਹਾਂ ਦੇ ਦੋ ਹੋਰ ਸਾਥੀਆਂ ਦੀ ਪਛਾਣ ਕਰ ਲਈ ਗਈ ਹੈ, ਜਿਨ੍ਹਾਂ ਨੂੰ ਜਲਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਟਰੰਪ ਦੇ ਅਹੁਦਾ ਸੰਭਾਲਣ ਮਗਰੋਂ ਪ੍ਰਵਾਸੀਆਂ ਨੂੰ ਵੱਧ ਅਮਰੀਕੀ ਕਰਨ ਲੱਗੇ ਪਸੰਦ : ਨਵਾਂ ਸਰਵੇਖਣ

**ਵਾਸ਼ਿੰਗਟਨ।** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਵੱਡੇ ਪੱਧਰ ਉਤੇ ਪ੍ਰਵਾਸੀਆਂ ਦੇਸ਼ ਨਿਕਾਲੇ ਦਾ ਵਾਅਦਾ ਕਰਨ ਦੇ ਕੁੱਝ ਮਹੀਨਿਆਂ ਬਾਅਦ ਹੀ ਅਜਿਹੇ ਅਮਰੀਕੀਆਂ ਦੀ ਗਿਣਤੀ ’ਚ ਕਾਫੀ ਵਾਧਾ ਹੋਇਆ ਹੈ ਕਿ ਜੋ ਇਮੀਗ੍ਰੇਸ਼ਨ ਨੂੰ ਦੇਸ਼ ਲਈ ‘ਚੰਗੀ ਚੀਜ਼’ ਦਸ ਰਹੇ ਹਨ।10 ਵਿਚੋਂ 8 ਅਮਰੀਕੀਆਂ (ਜਾਂ 79 ਫ਼ੀ ਸਦੀ) ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਅੱਜ ਦੇਸ਼ ਲਈ ‘ਚੰਗੀ ਚੀਜ਼’ ਹੈ, ਜੋ ਇਕ ਸਾਲ ਪਹਿਲਾਂ 64 ਫ਼ੀ ਸਦੀ ਤੋਂ ਕਾਫ਼ੀ ਵੱਧ ਹੈ ਅਤੇ ਲਗਭਗ 25 ਸਾਲਾਂ ਦੇ ਰੁਝਾਨ ਵਿਚ ਸਭ ਤੋਂ ਵੱਧ ਹੈ। ਅਮਰੀਕਾ ਵਿਚ 10 ਵਿਚੋਂ ਸਿਰਫ 2 ਬਾਲਗਾਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਇਸ ਸਮੇਂ ਇਕ ਬੁਰੀ ਚੀਜ਼ ਹੈ, ਜੋ ਪਿਛਲੇ ਸਾਲ 32 ਫ਼ੀ ਸਦੀ ਤੋਂ ਘੱਟ ਹੈ।

ਡੈਮੋਕ੍ਰੇਟਿਕ ਰਾਸ਼ਟਰਪਤੀ ਜੋਅ ਬਾਈਡਨ ਦੇ ਕਾਰਜਕਾਲ ਦੌਰਾਨ ਇਮੀਗ੍ਰੇਸ਼ਨ ਬਾਰੇ ਨਕਾਰਾਤਮਕ ਵਿਚਾਰਾਂ ਵਿਚ ਕਾਫ਼ੀ ਵਾਧਾ ਹੋਇਆ ਸੀ, ਜੋ ਕਿ ਰਿਪਬਲਿਕਨ ਪਾਰਟੀ ਦੇ ਟਰੰਪ ਦੇ ਅਹੁਦਾ ਸੰਭਾਲਣ ਤੋਂ ਕੁੱਝ ਮਹੀਨਿਆਂ ਪਹਿਲਾਂ ਤਕ ਉੱਚੇ ਪੱਧਰ ਉਤੇ ਪਹੁੰਚ ਗਿਆ ਸੀ। ਗੈਲਪ ਦੇ



ਨਵੇਂ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਅਮਰੀਕੀ ਬਾਲਗ ਵਧੇਰੇ ਪ੍ਰਵਾਸੀ ਪੱਖੀ ਵਿਚਾਰਾਂ ਵਲ ਪਰਤ ਰਹੇ ਹਨ ਜੋ ਟਰੰਪ ਦੇ ਦੂਜੇ ਕਾਰ-ਜਕਾਲ ਵਿਚ ਵੱਡੇ ਪੱਧਰ ਉਤੇ ਦੇਸ਼ ਨਿਕਾਲੇ ਦੀ ਕੋਸ਼ਿਸ਼ ਨੂੰ ਗੁੰਝਲਦਾਰ ਬਣਾ ਸਕਦੇ ਹਨ। ਇਮੀਗ੍ਰੇਸ਼ਨ ਨੀਤੀਆਂ ਬਾਰੇ ਅਮਰੀਕੀਆਂ ਦੇ ਵਿਚਾਰ ਪਿਛਲੇ ਸਾਲ ਨਾਟਕੀ ਢੰਗ ਨਾਲ ਬਦਲ ਗਏ ਹਨ - ਜਿਸ ਵਿਚ ਰਿਪਬਲਿਕਨ ਵੀ ਸ਼ਾਮਲ ਹਨ, ਜੋ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਇਮੀਗ੍ਰੇਸ਼ਨ ਪੱਧਰਾਂ ਤੋਂ ਬਹੁਤ ਜ਼ਿਆਦਾ ਸੰਤੁਸ਼ਟ ਹੋ ਗਏ ਹਨ ਪਰ ਜੋ ਗੈਰ-ਕਾਨੂੰਨੀ ਤਰੀਕੇ ਨਾਲ ਦੇਸ਼ ਵਿਚ ਲੋਕਾਂ ਲਈ ਨਾਗਰਿਕਤਾ ਦੇ ਰਸਤਿਆਂ ਦਾ ਵਧੇਰੇ ਸਮਰਥਨ ਕਰਦੇ ਹਨ। ਵਿਆਪਕ ਰੁਝਾਨ ਇਹ ਵੀ ਦਰਸਾਉਂਦਾ ਹੈ ਕਿ ਜਨਤਕ ਰਾਏ ਆਮ ਤੌਰ ਉਤੇ ਦਹਾਕਿਆਂ ਪਹਿਲਾਂ ਦੇ ਮੁਕਾਬਲੇ ਪ੍ਰਵਾਸੀਆਂ ਲਈ ਵਧੇਰੇ ਅਨੁਕੂਲ ਹੈ। ਜ਼ਿਆਦਾਤਰ ਅਮਰੀਕੀ ਬਾਲਗਾਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਚੰਗਾ ਹੈ। ਇਮੀਗ੍ਰੇਸ਼ਨ ਬਾਰੇ ਅਮਰੀਕੀਆਂ ਦਾ ਵਧੇਰੇ ਸਕਾਰਾਤਮਕ ਦ੍ਰਿਸ਼ਟੀਕੋਣ ਮੁੱਖ ਤੌਰ ਉਤੇ ਰਿਪਬਲਿਕਨ ਅਤੇ ਆਜ਼ਾਦ ਉਮੀਦਵਾਰਾਂ ਵਿਚਾਲੇ ਤਬਦੀਲੀ ਵਲੋਂ ਪ੍ਰੇਰਿਤ ਹੈ। ਲਗਭਗ ਦੋ ਤਿਹਾਈ ਰਿਪਬਲਿਕਨ ਹੁਣ ਕਹਿੰਦੇ ਹਨ ਕਿ ਪ੍ਰਵਾਸੀ ਦੇਸ਼ ਲਈ ‘ਚੰਗੀ ਚੀਜ਼’ ਹਨ, ਜੋ ਪਿਛਲੇ ਸਾਲ 39 ਫ਼ੀ ਸਦੀ ਸੀ। ਅਤੇ ਆਜ਼ਾਦ ਉਮੀਦਵਾਰ ਪਿਛਲੇ ਸਾਲ ਦੇ ਲਗਭਗ ਦੋ ਤਿਹਾਈ ਤੋਂ ਵਧ ਕੇ ਇਸ ਸਾਲ 80 ਫ਼ੀ ਸਦੀ ਹੋ ਗਏ ਹਨ। ਡੈਮੋਕ੍ਰੇਟਾਂ ਨੇ ਪਿਛਲੇ ਕੁੱਝ ਸਾਲਾਂ ਵਿਚ ਇਮੀਗ੍ਰੇਸ਼ਨ ਬਾਰੇ ਅਪਣਾ ਬਹੁਤ ਸਕਾਰਾਤਮਕ ਦ੍ਰਿਸ਼ਟੀਕੋਣ ਕਾਇਮ ਰੱਖਿਆ ਹੈ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਤਿੰਨ ਮਾਸੂਮ ਬੱਚਿਆਂ ਨੂੰ ਡੂਬੋ ਕੇ ਮਾਰਨ ਵਾਲੀ ਮਾਂ ਨੂੰ ਮੌਤ ਦੀ ਸਜ਼ਾ, ਪ੍ਰੇਮੀ ਨੂੰ ਉਮਰ ਕੈਦ ਦੀ ਸਜ਼ਾ

**ਔਰਈਆ।** ਉੱਤਰ ਪ੍ਰਦੇਸ਼ ਦੇ ਔਰਈਆ ਵਿੱਚ ਆਪਣੇ ਹੀ ਬੱਚਿਆਂ ਦਾ ਕਤਲ ਕਰਨ ਵਾਲੀ ਇੱਕ ਮਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਉਸ ਮਾਂ ਨੂੰ ਮੌਤ ਦੀ ਸਜ਼ਾ ਦਾ ਐਲਾਨ ਕੀਤਾ ਹੈ ਜਿਸ ਨੇ ਇੱਕ ਸਾਲ ਪਹਿਲਾਂ ਜ਼ਿਲ੍ਹੇ ਵਿੱਚ ਤਿੰਨ ਮਾਸੂਮ ਬੱਚਿਆਂ ਨੂੰ ਪਾਣੀ ਵਿੱਚ ਡੁਬੋ ਕੇ ਮਾਰ ਦਿੱਤਾ ਸੀ। ਔਰਤ ਨੇ ਆਪਣੇ ਪ੍ਰੇਮੀ ਨਾਲ ਰਹਿਣ ਲਈ ਆਪਣੇ ਹੀ ਬੱਚਿਆਂ ਨੂੰ ਮਾਰ ਦਿੱਤਾ ਸੀ। ਇਸ ਘਟਨਾ ਦਾ ਖੁਲਾਸਾ ਉਸਦੇ ਇੱਕ ਪੁੱਤਰ ਨੇ ਕੀਤਾ। ਦਰਅਸਲ, ਕਾਤਲ ਮਾਂ ਦੇ ਇੱਕ ਪੁੱਤਰ ਨੇ ਮਰਨ ਦਾ ਦਿਖਾਵਾ ਕੀਤਾ। ਉਹ ਪਾਣੀ ਵਿੱਚ ਪਿਆ ਰਿਹਾ। ਜਦੋਂ ਮਾਂ ਨੂੰ ਲੱਗਾ ਕਿ ਉਹ ਮਰ ਗਿਆ ਹੈ ਅਤੇ ਉਹ ਚਲੀ ਗਈ, ਤਾਂ ਉਸਨੇ ਇਸ ਘਟਨਾ ਦੀ ਨੇੜਲੇ ਪਿੰਡ ਦੇ ਲੋਕਾਂ ਨੂੰ ਇਸ ਬਾਰੇ ਜਾਣਕਾਰੀ



ਦਿੱਤੀ। ਅਦਾਲਤ ਨੇ ਹੁਣ ਇਸ ਮਾਮਲੇ ਵਿੱਚ ਆਪਣਾ ਫ਼ੈਸਲਾ ਸੁਣਾਇਆ, ਜਿਸ ਵਿੱਚ ਔਰਤ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਸ ਦੇ ਨਾਲ ਹੀ ਉਸ ਦੇ ਪ੍ਰੇਮੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਅਦਾਲਤ ਨੇ ਇਸ ਮਾਮਲੇ ਵਿੱਚ ਸਖ਼ਤ ਟਿੱਪਣੀ ਕੀਤੀ ਹੈ। ਸਜ਼ਾ ਦਾ ਐਲਾਨ ਕਰਦੇ ਹੋਏ ਅਦਾਲਤ ਨੇ ਕਿਹਾ ਕਿ ਅਜਿਹੀ ਮਾਂ ਨੂੰ ਜੀਣ ਦਾ ਕੋਈ ਹੱਕ ਨਹੀਂ ਹੈ। ਔਰਈਆ ਜ਼ਿਲ੍ਹੇ ਦੀ ਅਦਾਲਤ ਨੇ ਆਪਣੇ ਤਿੰਨ ਬੱਚਿਆਂ ਨੂੰ ਨਦੀ ਵਿੱਚ ਡੁਬੋ ਕੇ ਮਾਰਨ ਵਾਲੀ ਮਾਂ ਪ੍ਰਿਯੰਕਾ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਉਸ ਦੇ ਪ੍ਰੇਮੀ ਆਸ਼ੀਸ਼ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੋਵਾਂ 'ਤੇ 1-1 ਲੱਖ ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਛੱਤੀਸਗੜ੍ਹ 'ਚ ਭਿਆਨਕ ਸੜਕ ਹਾਦਸਾ, ਟਰੱਕ ਡੂੰਘੀ ਖੱਡ 'ਚ ਡਿੱਗਿਆ, 3 ਦੀ ਮੌਤ, 4 ਜ਼ਖ਼ਮੀ

**ਛੱਤੀਸਗੜ੍ਹ।** ਛੱਤੀਸਗੜ੍ਹ ਦੇ ਕਬੀਰਧਾਮ ਵਿੱਚ ਸ਼ੁੱਕਰਵਾਰ ਤੜਕੇ ਇੱਕ ਭਿਆਨਕ ਸੜਕ ਹਾਦਸੇ ਵਿੱਚ 3 ਮਜ਼ਦੂਰਾਂ ਦੀ ਮੌਤ ਹੋ ਗਈ ਅਤੇ 4 ਗੰਭੀਰ ਜ਼ਖਮੀ ਹੋ ਗਏ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਬੋਰਵੈੱਲ ਪੁੱਟਣ ਵਾਲਾ ਟਰੱਕ ਖੱਡ ਵਿੱਚ ਡਿੱਗ ਗਿਆ ਅਤੇ ਪਲਟ ਗਿਆ। ਕਬੀਰਧਾਮ ਦੇ ਐਡੀਸ਼ਨਲ ਐਸਪੀ ਪੁਸ਼ਪੇਂਦਰ ਸਿੰਘ ਬਘੇਲ ਨੇ ਹਾਦਸੇ ਦੀ ਪੁਸ਼ਟੀ ਕੀਤੀ।

ਕਵਾਰਧਾਮ ਦੇ ਐਡੀਸ਼ਨਲ ਐਸਪੀ ਪੁਸ਼ਪੇਂਦਰ ਸਿੰਘ ਬਘੇਲ ਦਾ ਕਹਿਣਾ ਹੈ, "ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਚਾਰ ਜ਼ਖਮੀ ਹੋ ਗਏ ਹਨ। ਜ਼ਖਮੀਆਂ ਨੂੰ ਸਥਾਨਕ ਪੀਐਚਸੀ ਵਿੱਚ ਦਾਖਲ ਕਰਵਾਇਆ ਗਿਆ ਹੈ। ਮ੍ਰਿਤਕਾਂ ਦੀ ਅਜੇ ਪਛਾਣ ਨਹੀਂ ਹੋ ਸਕੀ ਹੈ, ਅਤੇ ਜ਼ਖਮੀਆਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।" ਇਹ ਘਟਨਾ ਸਵੇਰੇ ਕੁੰਡੂਰ ਥਾਣਾ ਖੇਤਰ ਦੇ ਚਟਾ ਪਿੰਡ ਨੇੜੇ ਵਾਪਰੀ। ਪੁਲਿਸ ਅਨੁਸਾਰ ਟਰੱਕ ਮੱਧ ਪ੍ਰਦੇਸ਼ ਤੋਂ ਆ ਰਹੀ ਸੀ ਅਤੇ ਇਸ ਵਿੱਚ ਕੁੱਲ 9 ਲੋਕ ਸਵਾਰ ਸਨ। ਰਸਤੇ ਵਿੱਚ, ਟਰੱਕ ਕਾਬੂ ਤੋਂ ਬਾਹਰ ਹੋ ਗਿਆ ਅਤੇ ਖੱਡ ਵਿੱਚ ਡਿੱਗ ਗਿਆ ਅਤੇ ਪਲਟ ਗਿਆ। ਹਾਦਸੇ ਵਿੱਚ ਤਿੰਨ ਮਜ਼ਦੂਰਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਬਾਕੀ ਛੇ ਨੂੰ ਨੇੜਲੇ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਇਲਾਜ ਦੌਰਾਨ 2 ਹੋਰ ਮਜ਼ਦੂਰਾਂ ਦੀ ਮੌਤ ਹੋ ਗਈ। ਬਾਕੀ ਚਾਰ ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ ਅਤੇ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਪੁਲਿਸ ਨੇ ਦੱਸਿਆ ਕਿ



ਮ੍ਰਿਤਕਾਂ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ ਹੈ। ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਜ਼ਖਮੀਆਂ ਦੇ ਬਿਆਨ ਲੈ ਕੇ ਜਾਂਚ ਕੀਤੀ ਜਾ ਰਹੀ ਹੈ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਹਾਦਸਾ ਟਰੱਕ ਦੇ ਬ੍ਰੇਕ ਫੇਲ੍ਹ ਹੋਣ ਕਾਰਨ ਜਾਂ ਡਰਾਈਵਰ ਦੇ ਸੌਣ ਕਾਰਨ ਹੋਇਆ ਹੋ ਸਕਦਾ ਹੈ, ਹਾਲਾਂਕਿ ਅਜੇ ਤੱਕ ਇਸਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਇਸ ਹਾਦਸੇ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਪ੍ਰਸ਼ਾਸਨ ਨੇ ਪ੍ਰਭਾਵਿਤ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਸਥਾਨਕ ਲੋਕਾਂ ਨੇ ਪ੍ਰਸ਼ਾਸਨ ਤੋਂ ਸੜਕ ਸੁਰੱਖਿਆ ਲਈ ਸਖ਼ਤ ਪ੍ਰਬੰਧ ਕਰਨ ਦੀ ਮੰਗ ਕੀਤੀ ਹੈ ਤਾਂ ਜੋ ਅਜਿਹੇ ਹਾਦਸਿਆਂ ਨੂੰ ਮੁੜ ਵਾਪਰਨ ਤੋਂ ਰੋਕਿਆ ਜਾ ਸਕੇ।

## ਗੁਰੂਗ੍ਰਾਮ ਦੇ ਸਾਬਕਾ ਟੈਨਿਸ ਖਿਡਾਰਨ ਕਤਲ ਮਾਮਲਾ, ਜਦੋਂ ਗੋਲੀਬਾਰੀ ਹੋਈ ਤਾਂ ਪੀੜਤਾ ਦੀ ਮਾਂ ਉਸੇ ਮੰਜ਼ਿਲ ਉਤੇ ਸੀ : ਮ੍ਰਿਤਕ ਦਾ ਚਾਚਾ



**ਨਵੀਂ ਦਿਲੀ।** ਗੁਰੂਗ੍ਰਾਮ ਪੁਲਿਸ ਨੇ ਸ਼ੁਕਰਵਾਰ ਨੂੰ ਕਿਹਾ ਕਿ ਉਹ ਸਾਬਕਾ ਟੈਨਿਸ ਖਿਡਾਰੀ ਰਾਧਿਕਾ ਯਾਦਵ ਦੇ ਕਤਲ ਦੇ ਸਾਰੇ ਸੰਭਾਵਤ ਪਹਿਲੂਆਂ ਦੀ ਜਾਂਚ ਕਰ ਰਹੀ ਹੈ। ਮ੍ਰਿਤਕਾ ਦੇ ਚਾਚਾ ਕੁਲਦੀਪ ਯਾਦਵ ਦੀ ਸ਼ਿਕਾਇਤ ਦੇ ਆਧਾਰ ਉਤੇ ਦਰਜ ਐਫ.ਆਈ.ਆਰ. ਮੁਤਾਬਕ ਰਾਧਿਕਾ ਦੀ ਮਾਂ ਮੰਜੂ ਯਾਦਵ ਘਰ ਦੀ ਪਹਿਲੀ ਮੰਜ਼ਿਲ ਉਤੇ ਮੌਜੂਦ ਸੀ। 25 ਸਾਲ ਦੀ ਸਾਬਕਾ ਖਿਡਾਰਨ ਦੀ ਉਸ ਦੇ ਪਿਤਾ ਨੇ ਵੀਰਵਾਰ ਨੂੰ ਗੁਰੂਗ੍ਰਾਮ ਦੇ ਸੁਸ਼ਾਂਤ ਲੋਕ ਇਲਾਕੇ 'ਚ ਪਰਵਾਰ ਦੇ ਦੋ ਮੰਜ਼ਲਾ ਘਰ 'ਚ ਗੋਲੀ ਮਾਰ ਕੇ ਹੱਤਿਆ ਕਰ ਦਿਤੀ ਸੀ। ਦੀਪਕ ਯਾਦਵ (49) ਨੇ ਬਾਅਦ ਵਿਚ ਅਪਣੀ ਧੀ ਦੀ ਹੱਤਿਆ ਕਰਨ ਦੀ ਗੱਲ ਕਬੂਲ ਕਰ ਲਈ ਅਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਰਾਧਿਕਾ ਨੇ ਪਿਛਲੇ ਸਾਲ ਇਕ ਸੁਤੰਤਰ ਕਲਾਕਾਰ ਦੇ ਨਾਲ ਇਕ ਸੰਗੀਤ ਵੀਡੀਉ ਵਿਚ ਕੰਮ ਕੀਤਾ ਸੀ। ਕਈਆਂ ਦਾ ਦਾਅਵਾ ਹੈ ਕਿ ਸੰਗੀਤ ਵੀਡੀਉ ਨੇ ਘਰ ਵਿਚ ਤਣਾਅ ਪੈਦਾ ਕੀਤਾ ਹੋ ਸਕਦਾ ਹੈ, ਪੁਲਿਸ ਨੇ ਕਿਹਾ ਕਿ ਸਾਰੇ ਪਹਿਲੂਆਂ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਮੁਤਾ-ਬਕ ਦੀਪਕ ਨੇ ਕਬੂਲ ਕੀਤਾ ਕਿ ਉਸ ਨੇ ਰਾਧਿਕਾ ਨੂੰ ਗੋਲੀ ਇਸ ਲਈ ਚਲਾਈ ਕਿਉਂਕਿ ਉਸ ਨੂੰ ਅਕਸਰ ਉਸ ਦੀ ਆਮਦਨੀ ਉਤੇ ਗੁਜ਼ਾਰਾ ਕਰਨ ਲਈ ਤਾਨੇ ਮਾਰੇ ਜਾਂਦੇ ਸਨ। ਪੁਲਿਸ ਨੇ ਇਕ ਬਿਆਨ ਵਿਚ ਦਾਅਵਾ ਕੀਤਾ ਕਿ ਰਾਧਿਕਾ ਜਿਸ ਟੈਨਿਸ ਅਕੈਡਮੀ ਨੂੰ ਚਲਾਉਂਦੀ ਸੀ, ਉਹ ਪਿਤਾ ਅਤੇ ਧੀ ਵਿਚਾਲੇ ਝਗੜੇ ਦਾ ਕਾਰਨ ਸੀ। ਗੁਰੂਗ੍ਰਾਮ ਪੁਲਿਸ ਦੇ ਬੁਲਾਰੇ ਸੰਦੀਪ ਸਿੰਘ ਨੇ ਕਿਹਾ ਕਿ ਦੀਪਕ ਨੇ ਪ੍ਰਗਟਾਵਾ ਕੀਤਾ ਹੈ ਕਿ ਉਸ ਨੂੰ ਉਸ ਦੀ ਧੀ ਦੇ ਟੈਨਿਸ ਅਕੈਡਮੀ ਚਲਾਉਣ ਉਤੇ ਇਤਰਾਜ਼ ਸੀ, ਜਿਸ ਨੂੰ ਲੈ ਕੇ ਦੋਹਾਂ ਵਿਚਾਲੇ ਝਗੜਾ ਹੋਇਆ ਸੀ। ਇੱਥੇ ਇਕ ਅਦਾਲਤ ਨੇ ਸ਼ੁਕਰਵਾਰ ਨੂੰ ਦੀਪਕ ਨੂੰ ਇਕ ਦਿਨ ਦੀ ਪੁਲਿਸ ਹਿਰਾਸਤ ਵਿਚ ਭੇਜ ਦਿਤਾ। ਅਦਾਲਤ ਦੇ ਬਾਹਰ ਇਕ ਪੁਲਿਸ ਅਧਿਕਾਰੀ ਨੇ ਪੱਤਰਕਾਰਾਂ ਨੂੰ ਦਸਿਆ ਕਿ ਉਨ੍ਹਾਂ ਨੇ ਮੁਲਜ਼ਮ ਦੇ ਦੋ ਦਿਨਾਂ ਦੇ ਰਿਮਾਂਡ ਦੀ ਮੰਗ ਕੀਤੀ ਸੀ।


SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਰੋਜ਼ਗਾਰ ਮੇਲੇ ਤਹਿਤ, ਪ੍ਰਧਾਨ ਮੰਤਰੀ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਵਿੱਚ ਨਵੇਂ ਨਿਯੁਕਤ ਨੌਜਵਾਨਾਂ ਨੂੰ 51,000 ਤੋਂ ਵੱਧ ਨਿਯੁਕਤੀ ਪੱਤਰ ਵੰਡਣਗੇ

**ਕਪੂਰਥਲਾ (ਕੌੜਾ)–** ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ 12 ਜੁਲਾਈ ਨੂੰ ਸਵੇਰੇ 11:00 ਵਜੇ ਵੀਡੀਓ ਕਾਨਫਰੰਸਿੰਗ ਰਾਹੀਂ ਵੱਖ-ਵੱਖ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਵਿੱਚ ਨਵੇਂ ਨਿਯੁਕਤ ਨੌਜਵਾਨਾਂ ਨੂੰ 51,000 ਤੋਂ ਵੱਧ ਨਿਯੁਕਤੀ ਪੱਤਰ ਵੰਡਣਗੇ। ਉਹ ਇਸ ਮੌਕੇ 'ਤੇ ਨਵੇਂ ਭਾਰਤੀ ਹੋਏ ਨੌਜਵਾਨਾਂ ਨੂੰ ਵੀ ਸੰਬੋਧਨ ਕਰਨਗੇ। ਰੋਜ਼ਗਾਰ ਮੇਲਾ ਪ੍ਰਧਾਨ ਮੰਤਰੀ ਦੀ ਰੁਜ਼ਗ-ਾਰ ਸਿਰਜਣ ਨੂੰ ਸਭ ਤੋਂ ਵੱਧ ਤਰਜੀਹ ਦੇਣ ਦੀ ਵਚਨਬੱਧਤਾ ਨੂੰ ਪੂਰਾ ਕਰਨ ਵੱਲ ਇੱਕ ਕਦਮ ਹੈ ਜੋਕਿ ਨੌਜਵਾਨਾਂ ਨੂੰ ਉਨ੍ਹਾਂ ਦੇ ਸਸ਼ਕਤੀਕਰਨ ਅਤੇ ਰਾਸ਼ਟਰ ਨਿਰਮਾਣ ਵਿੱਚ ਭਾਗੀਦਾਰੀ ਲਈ ਸਾਰਥਕ ਮੌਕੇ ਪ੍ਰਦਾਨ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਦੇਸ਼ ਭਰ ਵਿੱਚ ਰੋਜ਼ਗਾਰ ਮੇਲਿਆਂ ਰਾਹੀਂ ਹੁਣ ਤੱਕ 10 ਲੱਖ ਤੋਂ ਵੱਧ ਭਰਤੀ ਪੱਤਰ ਜਾਰੀ ਕੀਤੇ ਜਾ ਚੁੱਕੇ ਹਨ। 16ਵਾਂ ਰੋਜ਼ਗਾਰ ਮੇਲਾ ਦੇਸ਼ ਭਰ ਵਿੱਚ 47 ਥਾਵਾਂ 'ਤੇ ਆਯੋਜਿਤ ਕੀਤਾ ਜਾਵੇਗਾ। ਇਹ ਭਰਤੀਆਂ ਕੇਂਦਰ ਸਰਕਾਰ ਦੇ ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਹੋ ਰਹੀਆਂ ਹਨ। ਦੇਸ਼ ਭਰ ਤੋਂ ਚੁਣੇ ਗਏ ਨਵੇਂ ਭਰਤੀ ਹੋਏ ਕਰਮਚਾਰੀ ਰੇਲ ਮੰਤਰਾਲੇ, ਗ੍ਰਹਿ ਮੰਤਰਾਲੇ, ਡਾਕ ਵਿਭਾਗ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ, ਵਿੱਤੀ ਸੇਵਾਵਾਂ ਵਿਭਾਗ, ਕਿਰਤ ਅਤੇ ਰੁਜ਼ਗਾਰ ਮੰਤਰਾਲੇ ਸਮੇਤ ਹੋਰ ਵਿਭਾਗਾਂ ਅਤੇ ਮੰਤਰਾਲਿਆਂ ਵਿੱਚ ਸ਼ਾਮਲ ਹੋਣਗੇ। ਇਸ ਸੰਦਰਭ ਵਿੱਚ, ਰੋਜ਼ਗਾਰ ਮੇਲਾ ਕੱਲ੍ਹ ਸਵੇਰੇ 10:30 ਵਜੇ ਕਪੂਰਥਲਾ ਦੀ ਰੇਲ ਕੋਚ ਫੈਕਟਰੀ ਦੇ ਵਾਰਿਸ ਸ਼ਾਹ ਹਾਲ ਆਡੀਟੋਰੀਅਮ ਵਿੱਚ ਆਯੋਜਿਤ ਕੀਤਾ ਜਾਵੇਗਾ, ਜਿਸ ਵਿੱਚ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੁਆਰਾ ਵਰਚੁਅਲ ਮੋਡ ਰਾਹੀਂ ਸੰਬੋਧਨ ਕਰਨ ਤੋਂ ਬਾਅਦ, ਸਹਿਕਾਰਤਾ ਮੰਤਰਾਲੇ ਦੇ ਮਾਨਯੋਗ ਰਾਜ ਮੰਤਰੀ, ਸ਼੍ਰੀ ਕ੍ਰਿਸ਼ਨ ਪਾਲ ਗੁਰਜਰ ਕੇਂਦਰ ਸਰਕਾਰ ਵਿੱਚ ਨਵੇਂ ਨਿਯੁਕਤ ਕਰਮਚਾਰੀਆਂ ਨੂੰ ਨਿਯੁਕਤੀ ਪੱਤਰ ਜਾਰੀ ਕਰਨਗੇ। ਰੋਜ਼ਗਾਰ ਮੇਲੇ ਦੀਆਂ ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਹਨ ਅਤੇ ਨਵੇਂ ਭਰਤੀ ਕਰਮਚਾਰੀਆਂ ਨੂੰ ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੂਚਿਤ ਕਰ ਦਿੱਤਾ ਗਿਆ ਹੈ।

# ਬਲੱਡ ਬੈਂਕਾਂ ਵਿੱਚ ਖ਼ੂਨ ਦੀ ਭਾਰੀ ਕਿੱਲਤ, ਭਾਈ ਘਨੱਈਆ ਜੀ ਮਿਸ਼ਨ ਨੇ ਖ਼ੂਨਦਾਨ ਕੈਂਪ ਲਾਇਆ

## ਮਰੀਜ਼ਾਂ ਦੀਆਂ ਜਾਨਾਂ ਬਚਾਉਣ ਲਈ ਨੌਜਵਾਨ ਵੱਧ ਤੋਂ ਵੱਧ ਖ਼ੂਨਦਾਨ ਕਰਨ– ਜੱਥੇਦਾਰ ਨਿਮਾਣਾ





ਬਾਬਾ ਗੁਰਦੀਪ ਸਿੰਘ ਖ਼ੂਨਦਾਨ ਕਰਦੇ ਹੋਏ ਨੂੰ ਸਨਮਾਨਿਤ ਕਰਦੇ ਹੋਏ ਜੱਥੇ: ਤਰਨਜੀਤ ਸਿੰਘ ਨਿਮਾਣਾ,ਅਮਰਜੀਤ ਸਿੰਘ ਪ੍ਰਧਾਨ, ਪ੍ਰਭਦੀਪ ਸਿੰਘ ਸੇਖੋਂ ਖ਼ੂਨ ਦੀ ਭਾਰੀ ਕਿੱਲਤ ਹੈ ਕਿਰਪਾ ਕਰਕੇ ਖ਼ਬਰ ਲਵਾ ਦਿਉ ਜੀ ।

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਨੁੱਖੀ ਸੇਵਾਵਾਂ ਨੂੰ ਸਮਰਪਿਤ ਸੰਸਥਾ ਭਾਈ ਘਨੱਈਆ ਜੀ ਮਿਸ਼ਨ ਸੇਵਾ ਵੱਲੋਂ ਮਨੁੱਖਤਾ ਦੇ ਭਲੇ ਲਈ ਮੁੱਖ ਸੇਵਾਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ ਬਲੱਡ ਬੈਂਕਾਂ ਵਿੱਚ ਖ਼ੂਨ ਦੀ ਭਾਰੀ ਕਿੱਲਤ ਚੱਲਦਿਆਂ 816ਵਾਂ ਮਹਾਨ ਖ਼ੂਨਦਾਨ ਕੈਂਪ ਬਾਬਾ ਜ਼ਾਹਰ ਬਲੀ ਦੀ ਪ੍ਰਬੰਧਕ ਕਮੇਟੀ ਅਤੇ ਸਮਾਜ ਸੇਵੀ ਪ੍ਰਭਦੀਪ ਸਿੰਘ ਸੇਖੋਂ ਦੇ ਸਹਿਯੋਗ ਨਾਲ ਲਖੋ-ਗਦੋਵਾਲ ਨੇੜੇ ਕੋਹਾੜਾ (ਲੁਧਿ:) ਵਿਖੇ ਲਗਾਇਆ ਗਿਆ। ਇਸ ਸਮੇਂ ਸੁਸਾਇਟੀ ਦੇ ਮੁੱਖ ਸੇਵਾਦ-ਾਰ ਸ੍ਰ: ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਕਿ ਸਰਦੀਆਂ ਨਾਲੋਂ ਗਰਮੀਆਂ ਵਿੱਚ ਹਰੇਕ ਸਾਲ ਹਸਪਤਾਲਾਂ ਵਿੱਚ ਮਰੀਜ਼ ਕਈ ਗੁਣਾਂ ਵੱਧ ਜਾਂਦੇ ਹਨ ਅਤੇ ਗਰਮੀਆਂ ਵਿੱਚ ਖ਼ੂਨ ਬਹੁਤ ਘੱਟ ਦਾਨ ਹੁੰਦਾ ਹੈ ਜਿਸ ਕਰਕੇ ਬਲੱਡ ਬੈਂਕਾਂ ਵਿੱਚ ਬਹੁਤ ਭਾਰੀ ਕਮੀ ਆ ਜਾਂਦੀ ਹੈ ਜੱਥੇਦਾਰ ਨਿਮਾਣਾ ਨੇ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਮਰੀਜ਼ਾਂ ਦੀਆਂ ਜ਼ਿੰਦਗੀਆਂ ਬਚਾਉਣ ਲਈ ਖ਼ੂਨਦਾਨ ਕੈਂਪਾਂ ਅਤੇ ਬਲੱਡ ਬੈਂਕਾਂ ਵਿੱਚ ਜਾ ਕੇ ਖ਼ੂਨਦਾਨ ਕਰੋ। ਇਸ ਸਮੇਂ ਜੱਥੇ: ਨਿਮਾਣਾ ਨੇ ਬਾਬਾ ਗੁਰਦੀਪ ਸਿੰਘ ਸਮੇਤ 45 ਖ਼ੂਨਦਾਨੀਆਂ ਨੂੰ ਪ੍ਰਮਾਣ ਪੱਤਰ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਅਤੇ ਸਿਵਲ ਹਸਪਤਾਲ ਦੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਲੈ ਕੇ ਦਿੱਤਾ ਜਾਵੇਗਾ। ਇਸ ਮੌਕੇ ਤੇ ਬਲਦੇਵ ਸਿੰਘ ਸੰਧੂ, ਅਮਰਜੀਤ ਸਿੰਘ ਪ੍ਰਧਾਨ, ਸਤਨਾਮ ਸਿੰਘ ਸੱਤਾ, ਰਣਧੀਰ ਸਿੰਘ ਧੀਰਾ, ਗੁਰਦੀਪ ਸਿੰਘ ਉਪਲਾਂ ਹਾਜ਼ਰ ਸਨ।

# ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਜਨਹਿੱਤ ਵਿੱਚ ਕੀਤੇ ਕੰਮਾਂ ਦਾ ਇੱਕ ਨਵਾਂ ਇਤਿਹਾਸ ਸਿਰਜੇਗੀ: ਕਰਨ ਸ਼ਰਮਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਆਮ ਆਦਮੀ ਪਾਰਟੀ ਯੂਥ ਵਿੰਗ ਦੇ ਸੂਬਾ ਸੰਯੁਕਤ ਸਕੱਤਰ ਅਤੇ ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੇ ਸੇਵਾਦਾਰ ਕਰਨ ਸ਼ਰਮਾ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨੂੰ ਸਿਹਤ ਸੁਰੱਖਿਆ ਪ੍ਰਦਾਨ ਕਰਨ ਲਈ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਦੀ ਭਰਪੂਰ ਪ੍ਰਸੰਸਾ ਕੀਤੀ ਹੈ। ਸਮਾਜ ਦੇ ਹਰ ਵਰਗ ਨੂੰ ਇਸ ਤੋਂ ਲਾਭ ਹੋਵੇਗਾ ਅਤੇ ਇਹ ਇੱਕ ਨਵਾਂ ਇਤਿਹਾਸ ਸਿਰ-ਜੇਗਾ। ਇੱਥੇ ਜਾਰੀ ਇੱਕ ਬਿਆਨ ਵਿੱਚ, ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਦੂਰਅੰਦੇਸ਼ੀ ਸੋਚ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੀ ਸੂਬੇ ਦੇ ਲੋਕਾਂ ਦੇ ਹਿੱਤ ਵਿੱਚ ਅਜਿਹੇ ਕਦਮ ਚੁੱਕ ਸਕਦੀ ਹੈ। ਇਸ ਯੋਜਨਾ ਤਹਿਤ ਲਾਭਪਾਤਰੀਆਂ ਨੂੰ 10 ਲੱਖ ਰੁਪਏ ਦਾ ਮੁਫਤ ਇਲਾਜ ਮਿਲੇਗਾ ਅਤੇ ਪੰਜਾਬ ਸਰਕਾਰ ਨੇ ਇਸ ਲਈ 778 ਕਰੋੜ ਰੁਪਏ ਦਾ ਫੰਡ ਵੀ ਜਾਰੀ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਲਗਭਗ ਤਿੰਨ ਕਰੋੜ ਲੋਕ ਇਸ ਯੋਜਨਾ ਦੇ ਦਾਇਰੇ ਵਿੱਚ ਆਉਣਗੇ ਅਤੇ ਇਹ ਆਪਣੇ ਆਪ ਵਿੱਚ ਇੱਕ ਬਹੁਤ ਵੱਡੀ ਅਤੇ ਮਹੱਤਵਪੂਰਨ ਗੱਲ ਹੈ। ਸ਼ਰਮਾ ਨੇ ਜ਼ੋਰ ਦੇ ਕੇ ਕਿਹਾ ਕਿ ਮੁੱਖ ਮੰਤਰੀ ਸਰਬੱਤ ਸਿਹਤ ਬੀਮਾ ਯੋਜਨਾ ਦੇ ਤਹਿਤ, ਸਮਾਜ ਦਾ ਹਰ ਵਰਗ ਮੁਫਤ ਇਲਾਜ ਪ੍ਰਾਪਤ ਕਰਨ ਦੇ ਯੋਗ ਹੋਵੇਗਾ, ਜੋ ਕਿ ਪਹਿਲਾਂ ਸਿਰਫ਼ 5 ਲੱਖ ਰੁਪਏ ਤੱਕ ਸੀਮਤ ਸੀ ਅਤੇ ਸਿਰਫ਼ ਕੁਝ ਸ਼੍ਰੇਣੀਆਂ ਲਈ ਸੀ। ਉਨ੍ਹਾਂ ਕਿਹਾ ਕਿ ਇਸ ਨਵੀਂ ਯੋਜਨਾ ਦੇ ਕਾਰਡ 2 ਅਕਤੂਬਰ ਤੋਂ ਬਣਨੇ ਸ਼ੁਰੂ ਹੋ ਜਾਣਗੇ ਅਤੇ ਇਸ ਯੋਜਨਾ ਨਾਲ ਲੋਕਾਂ ਨੂੰ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਇੱਕ ਹੋਰ ਤੋਹਫ਼ਾ ਮਿਲੇਗਾ। ਖਾਸ ਗੱਲ ਇਹ ਹੈ ਕਿ ਇਸ ਯੋਜਨਾ ਦੇ ਤਹਿਤ ਸਰਕਾਰੀ ਅਤੇ ਨਿੱਜੀ ਦੋਵੇਂ ਹਸਪਤਾਲ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਸ ਤੋਂ



ਪਹਿਲਾਂ ਵੀ ਲੋਕ ਮੁਫ਼ਤ ਬਿਜਲੀ, ਔਰਤਾਂ ਲਈ ਮੁਫ਼ਤ ਬੱਸ ਸੇਵਾ, ਆਮ ਆਦਮੀ ਕਲੀਨਿਕ ਆਦਿ ਸੇਵਾਵਾਂ ਦਾ ਲਾਭ ਲੈ ਰਹੇ ਸਨ। ਆਮ ਆਦਮੀ ਪਾਰਟੀ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਵਿੱਚ ਲੋਕਾਂ ਦਾ ਵਿਸ਼ਵਾਸ ਦਿਨੋ-ਦਿਨ ਵਧਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਨੇੜੇ ਆਉਂਦੇ ਹੀ ਦੂਜੀਆਂ ਪਾਰਟੀਆਂ ਲੋਕ ਹਿੱਤ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੰਦੀਆਂ ਸਨ, ਪਰ ਆਮ ਆਦਮੀ ਪਾਰਟੀ ਇੱਕ ਅਜਿਹੀ ਪਾਰਟੀ ਹੈ ਜਿਸਨੇ ਸੱਤਾ ਵਿੱਚ ਆਉਣ ਦੇ ਪਹਿਲੇ ਦਿਨ ਤੋਂ ਹੀ ਲੋਕ ਹਿੱਤ ਵਿੱਚ ਕੰਮਾਂ ਦੀ ਇੱਕ ਲੜੀ ਸ਼ੁਰੂ ਕਰ ਦਿੱਤੀ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਤਰਕਸ਼ੀਲ ਮੈਗਜ਼ੀਨ ਦਾ ਜੁਲਾਈ ਲੋਕ ਅਰਪਣ –ਸੁਰਿੰਦਰਪਾਲ

## ਮੀਟਿੰਗ ਵਿੱਚ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਤਿਆਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ

**ਸੰਗਰੂਰ।** ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੀ ਮੀਟਿੰਗ ਇਕਾਈ ਮੁਖੀ ਸੁਰਿੰਦਰ ਪਾਲ ਉਪਲੀ ਦੀ ਪ੍ਰਧਾਨਗੀ ਵਿੱਚ ਸੰਗਰੂਰ ਵਿਖੇ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨਾਲ ਸਾਂਝੀ ਕਰਦਿਆਂ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਦੁੱਗਾਂ ਤੇ ਗੁਰਦੀਪ ਸਿੰਘ ਲਹਿਰਾ ਨੇ ਦੱਸਿਆ ਕਿ ਮੀਟਿੰਗ ਵਿੱਚ ਸੱਤਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਵਿਦਿਆਰਥੀਆਂ ਦੀ ਪਿਛਲੇ ਸਾਲ ਵਾਲੀ 2000 ਗਿਣਤੀ ਨੂੰ ਬਰਕਰਾਰ ਰੱਖਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ। ਉਨ੍ਹਾਂ ਦੱਸਿਆ ਗਿਆ ਕਿ ਪ੍ਰੀਖਿਆ ਦੀ ਸਿਲੇਬਸ ਕਿਤਾਬਾਂ ਆ ਚੁੱਕੀਆਂ ਹਨ ਪ੍ਰੀਖਿਆ 29 ਤੇ 31 ਅਗਸਤ ਨੂੰ ਓ ਐਮ ਆਰ ਸ਼ੀਟ ਤੇ ਹੋਵੇਗੀ। ਸੰਗਰੂਰ ਦੇ ਨਾਲ ਲੱਗਦੇ ਸਾਰੇ ਸਕੂਲਾਂ ਤੋਂ ਇਲਾਵਾ ਲਹਿਰਾਗਾਗਾ ਤੇ ਭਵਾਨੀਗੜ੍ਹ ਦੇ



ਸਕੂਲਾਂ ਕੋਲ ਪਹੁੰਚ ਕਰਨ ਦਾ ਫ਼ੈਸਲਾ ਕੀਤਾ ਗਿਆ। ਤਰਕਸ਼ੀਲ ਮੈਗਜ਼ੀਨ ਅੰਕ ਜੁਲਾਈ –ਅਗਸਤ ਦੀ ਵੰਡ ਕੀਤੀ ਗਈ । ਮੀਟਿੰਗ ਵਿੱਚ ਸੂਬਾ ਕਮੇਟੀ ਦੇ ਫ਼ੈਸਲੇ ਅਨੁਸਾਰ ਘੱਟੋ ਘੱਟ ਇੱਕ ਸਕੂਲ ਦੀ ਪੱਕੇ ਤੌਰ ਤੇ ਚੋਣ ਕੀਤੀ ਜਾਵੇਗੀ, ਜਿਥੇ ਇਕਾਈ ਵੱਲੋਂ ਹਰ ਵਿਸ਼ੇਸ਼ ਦਿਨ ਉਥੇ ਮਨਾਇਆ ਜਾਵੇਗਾ। ਮੀਟਿੰਗ ਵਿੱਚ ਦੂਜੇ ਵਿਦਿਆਰਥੀ ਵਿਗਿਆਨਕ ਚੇਤਨਾ ਕੈਂਪ ਦਾ ਰੀਵਿਊ ਕੀਤਾ ਗਿਆ ਤੇ ਕੈਂਪ ਨੂੰ ਅਤੀ ਲਾਭਦਾਇਕ ਮਹਿਸੂਸ ਕੀਤਾ ਗਿਆ। ਮੀਟਿੰਗ ਵਿੱਚ ਤਰਕਸ਼ੀਲ ਮੈਗਜ਼ੀਨ ਦਾ ਪਸਾਰਾ ਵਧਾਉਣ ਲਈ ਵਿਚਾਰਾਂ ਕੀਤੀਆਂ ਗਈਆਂ। ਵਿੱਦਿਅਕ, ਸਿਹਤ ਸੰਸਥਾਵਾਂ ਤੇ ਪਿੰਡਾਂ ਵਿੱਚ ਵੱਧ ਤੋਂ ਵਧ ਸੰਸਥਾਵਾਂ ਕੋਲ ਪਹੁੰਚਾਉਣ ਦੀ ਸਹਿਮਤੀ ਬਣੀ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਗੁਰਦੀਪ ਸਿੰਘ , ਗੁਰਜੰਟ ਸਿੰਘ,ਪ੍ਰਗਟ ਸਿੰਘ,, ਪ੍ਰਹਿਲਾਦ ਸਿੰਘ, ਕ੍ਰਿਸ਼ਨ ਸਿੰਘ, ਅਮਰ ਸਿੰਘ, ਮਨਧੀਰ ਸਿੰਘ ਤੇ ਹੇਮ ਰਾਜ ਮੂਨਕ ਨੇ ਸ਼ਮੂਲੀਅਤ ਕੀਤੀ।

**ਮਾਸਟਰ ਪਰਮਵੇਦ,**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਸੀ.ਟੀ. ਯੂਨੀਵਰਸਿਟੀ 'ਸਾਇਕੋਫੈਸਟ 2025' 'ਚ ਦਿਲ ਤੇ ਦਿਮਾਗ ਜੋੜੇ ਗਏ

**●ਕਲਾ, ਕਹਾਣੀਆਂ ਤੇ ਜਜ਼ਬਾਤਾਂ ਰਾਹੀਂ ਟ੍ਰੌਮਾ ਅਤੇ ਠੀਕ ਹੋਣ ਦੀ ਪ੍ਰਕਿਰਿਆ ਨੂੰ ਸਮਝਣ ਦੀ ਅਨੋਖੀ ਕੋਸ਼ਿਸ਼ ●ਮਾਨਸਿਕ ਸਿਹਤ ਪ੍ਰਤੀ ਜਾਗਰੂਕਤਾ ਤੇ ਰਚਨਾਤਮਕਤਾ ਦਾ ਉਤਸਵ - ਪੰਜਾਬ ਭਰ ਦੇ ਵਿਦਿਆਰਥੀਆਂ ਦੀ ਭਾਗੀਦਾਰੀ**

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਸੀ.ਟੀ. ਯੂਨੀਵਰਸਿਟੀ ਦੇ ਸਕੂਲ ਆਫ ਆਰਟਸ, ਸਾਇੰਸ, ਹਿਊਮੈਨਿਟੀਜ਼ ਅਤੇ ਫਿਜ਼ੀਕਲ ਐਜੂਕੇਸ਼ਨ ਵੱਲੋਂ ਸਾਇਕੋਫੈਸਟ 2025 ਦਾ ਸਫਲਤਾ ਪੂਰਵਕ ਆਯੋਜਨ ਕੀਤਾ ਗਿਆ। ਇਹ ਇੱਕ ਇੰਟਰ-ਕਾਲਜ ਫੈਸਟਿਵਲ ਸੀ ਜੋ "ਟ੍ਰੌਮਾ, ਠੀਕ ਹੋਣਾ ਅਤੇ ਕਹਾਣੀਆਂ ਦੀ ਮਾਨਸਿਕ ਵਿਗਿਆਨ" ਤੇ ਆਧਾਰਿਤ ਸੀ। ਇਸ ਮੇਲੇ ਨੇ ਪੰਜਾਬ ਅਤੇ ਨੇੜਲੇ ਰਾਜਾਂ ਤੋਂ ਆਏ ਵਿਦਿਆਰਥੀਆਂ ਨੂੰ ਇਕੱਠਾ ਕੀਤਾ, ਜੋ ਕਿ ਮਾਨਸਿਕ ਸਿਹਤ ਦੀ ਜਾਗਰੂਕਤਾ ਵਧਾਉਣ ਅਤੇ ਕਲਾ ਰਾਹੀਂ ਆਪਣੇ ਜਜ਼ਬਾਤ ਦਰਸਾਉਣ ਦੇ ਇੱਕ ਸਾਂਝੇ ਉਦੇਸ਼ ਨਾਲ ਆਏ ਸਨ। ਸੀ.ਟੀ. ਯੂਨੀਵਰਸਿਟੀ ਦਾ ਕੰਪਸ ਰੰਗ-ਬਿਰੰਗੀਆਂ ਮੁਕਾਬਲਿਆਂ ਨਾਲ ਰੌਣਕਮਾਣ ਹੋ ਗਿਆ, ਜਿੱਥੇ ਹਰ ਪ੍ਰਦਰਸ਼ਨ ਨੇ ਮਨੁੱਖੀ ਭਾਵਨਾਵਾਂ ਦੀਆਂ ਗਹਿਰਾਈਆਂ ਨੂੰ ਛੂਹਣ ਦੀ ਕੋਸ਼ਿਸ਼ ਕੀਤੀ।

ਚਾਹੇ ਉਹ ਜਜ਼ਬਾਤੀ ਡਾਂਸ ਹੋਣ, ਗਹਿਰੀ ਸੋਚ ਵਾਲੀਆਂ ਸਕਿਟਾਂ, ਖ਼ੂਬਸੂਰਤ ਪੋਸਟਰ ਮੇਕਿੰਗ ਹੋਵੇ ਜਾਂ ਪ੍ਰਭਾਵਸ਼ਾਲੀ ਡਿਕਲੇਮੇਸ਼ਨ - ਹਰ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਆਪਣੀ ਸੋਚ ਅਤੇ ਅਨੁਭਵ ਨੂੰ ਖ਼ੂਬਸੂਰਤੀ ਨਾਲ ਪੇਸ਼ ਕੀਤਾ।

ਹਰ ਪ੍ਰਦਰਸ਼ਨ ਇਹ ਦੱਸ ਰਿਹਾ ਸੀ ਕਿ ਕਿਵੇਂ ਨਿੱਜੀ, ਸੱਭਿਆਚਾਰਕ ਅਤੇ ਭਾਵੁਕ ਕਹਾਣੀਆਂ ਮਾਨਸਿਕ



ਤੰਦਰੁਸਤੀ ਅਤੇ ਠੀਕ ਹੋਣ ਵਿੱਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਇਸ ਮੌਕੇ 'ਤੇ ਸੀ.ਟੀ. ਯੂਨੀਵਰਸਿਟੀ ਦੇ ਪ੍ਰੋ: ਚਾਂਸਲਰ ਡਾ: ਮਨਬੀਰ ਸਿੰਘ ਨੇ ਇਸ ਯਤਨ ਦੀ ਤਾਰੀਫ਼ ਕਰਦਿਆਂ ਕਿਹਾ: "ਸਾਇਕੋਫੈਸਟ 2025, ਸੀ.ਟੀ. ਯੂਨੀਵਰਸਿਟੀ ਦੇ ਉਸ ਦਰਸ਼ਨ ਨੂੰ ਦਰਸਾਉਂਦਾ ਹੈ, ਜਿੱਥੇ ਸਿੱਖਿਆ ਦੇ ਨਾਲ-ਨਾਲ ਵਿਦਿਆਰਥੀਆਂ 'ਚ ਸਮਵੇਦਨਾ, ਭਾਵਨਾਤਮਕ ਸਮਝ ਅਤੇ ਸਚਾਈਆਂ ਦਾ ਸਾਹਮਣਾ ਕਰਨ ਦੀ ਹਿੰਮਤ ਵਿਕਸਤ ਕੀਤੀ ਜਾਂਦੀ ਹੈ। ਵਿਦਿਆਰਥੀਆਂ ਵੱਲੋਂ ਰਚਨਾਤਮਕ ਢੰਗ ਨਾਲ ਟ੍ਰੌਮਾ ਤੇ ਠੀਕ ਹੋਣ ਨੂੰ ਪੇਸ਼ ਕਰਨਾ ਵਾਕਈ ਸ਼ਲਾਘਾਯੋਗ ਹੈ।"

ਸੀ.ਟੀ. ਯੂਨੀਵਰਸਿਟੀ ਦੇ ਸਕੂਲ ਹੈੱਡ ਡਾ. ਸ਼ਫਾਇਤ ਹੁਸੈਨ ਨੇ ਕਿਹਾ: "ਸਾਇਕੋਫੈਸਟ ਵਰਗੇ ਇਵੈਂਟ ਸਿਰਫ਼ ਮੁਕਾਬਲੇ ਨਹੀਂ ਹੁੰਦੇ, ਇਹ ਖੁੱਲ੍ਹੀਆਂ ਗੱਲਬਾਤਾਂ ਹੁੰਦੀਆਂ ਹਨ ਜੋ ਮਾਨਸਿਕ ਸਿਹਤ ਨਾਲ ਜੁੜੀਆਂ ਗਲਤ ਫਹਿਮੀਆਂ ਨੂੰ ਦੂਰ ਕਰਦੀਆਂ ਹਨ। ਇਹ ਨੌਜਵਾਨਾਂ ਨੂੰ ਆਪਣਾ ਦਰਦ, ਸੋਚ ਅਤੇ ਸਮਝ ਬਿਆਨ ਕਰਨ ਦੀ ਹਿੰਮਤ ਦਿੰਦੀਆਂ ਹਨ। ਮੈਂ ਹਰ ਇੱਕ ਹਿੱਸਾ ਲੈਣ ਵਾਲੇ ਅਤੇ ਆਯੋਜਕ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਇਸ ਵਿਚਾਰ ਨੂੰ ਹਕੀਕਤ ਬਣਾਇਆ।"

ਸੀ.ਟੀ. ਯੂਨੀਵਰਸਿਟੀ ਦੇ ਡਾਇਰੈਕਟਰ, ਡੀਐੱਸਡਬਲਯੂ, ਇੰਜੀ. ਦਵਿੰਦਰ ਸਿੰਘ ਨੇ ਸਾਰੇ ਇਵੈਂਟ ਦੀ ਯੋਜਨਾ ਅਤੇ ਕਾਰਗੁਜ਼ਾਰੀ ਵਿੱਚ ਅਹੰ ਭੂਮਿਕਾ ਨਿਭਾਈ, ਅਤੇ ਉਨ੍ਹਾਂ ਦੇ ਸਹਿਯੋਗ ਲਈ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਰਾਹਿਆ ਗਿਆ। ਸਾਇਕੋਫੈਸਟ 2025 ਨੇ ਇਹ ਸਾਬਤ ਕਰ ਦਿੱਤਾ ਕਿ ਸੀ.ਟੀ. ਯੂਨੀਵਰਸਿਟੀ ਵਿੱਚ ਸਿੱਖਿਆ ਸਿਰਫ ਪਾਠਕ੍ਰਮ ਤੱਕ ਸੀਮਿਤ ਨਹੀਂ ਹੈ - ਇੱਥੇ ਵਿਦਿਆਰਥੀਆਂ ਦੀ ਮਾਨਸਿਕ ਤੇ ਭਾਵਨਾਤਮਕ ਤੰਦਰੁਸਤੀ ਨੂੰ ਵੀ ਉਤਨਾ ਹੀ ਮਹੱਤਵ ਦਿੱਤਾ ਜਾਂਦਾ ਹੈ।

ਇਹ ਮੇਲਾ ਇੱਕ ਉਦਾਹਰਨ ਬਣ ਗਿਆ ਕਿ ਕਿਵੇਂ ਕਲਾ, ਜਜ਼ਬਾਤ ਅਤੇ ਗੱਲਬਾਤ ਰਾਹੀਂ ਸਿਹਤਮੰਦ ਸੋਚ ਤੇ ਹਿੰਮਤ ਨੂੰ ਨਵਾਂ ਰੁਖ ਦਿੱਤਾ ਜਾ ਸਕਦਾ ਹੈ।

# ਦਸੂਹਾ ਪੁਲਿਸ ਨੇ 10 ਗ੍ਰਾਮ ਹੈਰੋਇਨ ਸਮੇਤ ਕੀਤਾ 02 ਕਥਿਤ ਦੋਸ਼ੀਆ ਨੂੰ ਗ੍ਰਿਫਤਾਰ

**ਹੁਸ਼ਿਆਰਪੁਰ / ਦਸੂਹਾ ( ਤਰਸੇਮ ਦੀਵਾਨਾ )** ਸੰਦੀਪ ਕੁਮਾਰ ਮਲਿਕ ਆਈ.ਪੀ.ਐਸ. ਸੀਨੀਅਰ ਪੁਲਿਸ ਕਪਤਾਨ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾ ਤੇ ਮੁਕੇਸ਼ ਕੁਮਾਰ ਐਸ.ਪੀ ਇੰਨਵੈਸਟੀਗੇਸ਼ਨ ਅਤੇ ਡੀ. ਐਸ. ਪੀ. ਸਬ-ਡਵੀਜ਼ਨ ਦਸੂਹਾ ਦੀਆ ਹਦਾਇਤਾਂ ਮੁਤਾਬਿਕ ਇੰਸਪੈਕਟਰ ਰਜਿੰਦਰ ਸਿੰਘ ਮੁੱਖ ਅਫਸਰ ਥਾਣਾ ਦਸੂਹਾ ਦੀ ਅਗਵਾਈ ਹੇਠ ਨਸ਼ਾ ਵੇਚਣ ਅਤੇ ਪੀਣ ਵਾਲਿਆ ਖਿਲਾਫ ਚਲਾਈ ਗਈ ਮੁਹਿੰਮ "ਯੁੱਧ ਨਸ਼ਿਆ ਵਿਰੁੱਧ" ਤਹਿਤ ਏ.ਐਸ.ਆਈ ਦਿਲਦਾਰ ਸਿੰਘ ਨੇ ਮੁਲਜਮ ਬਲਜਿੰਦਰ ਸਿੰਘ ਉਰਫ ਬਿੰਦਰ ਪੁੱਤਰ ਕਰਨੈਲ ਸਿੰਘ ਵਾਸੀ ਸਫਦਰਪੁਰ ਕੁਲੀਆਂ ਦਸੂਹਾ ਅਤੇ ਪ੍ਰਿੰਸ ਸ਼ਰਮਾ ਪੁੱਤਰ ਕਪਿਲ ਸ਼ਰਮਾ ਵਾਸੀ ਸੰਘਵਾਲ ਦਸੂਹਾ ਨੂੰ ਕਾਬੂ ਕਰਕੇ ਉਹਨਾ ਪਾਸੋ 10 ਗ੍ਰਾਮ



ਹੈਰੋਇਨ ਨੂੰ ਬ੍ਰਾਮਦ ਕਰਕੇ ਐਨ.ਡੀ.ਪੀ.ਐਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ, ਇਸ ਸਬੰਧੀ ਪੁਲਿਸ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕੀ ਉਕਤ ਕਥਿਤ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾਵੇਗਾ ਅਤੇ ਹੋਰ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾਵੇਗੀ।

# ਸੁਖਦੇਵ ਸਿੰਘ ਸਮਸ਼ਪੁਰ ਨਮਿੱਤ ਪਾਠ ਦਾ ਭੋਗ ਕੱਲ ਐਤਵਾਰ ਨੂੰ

**ਮਾਛੀਵਾੜਾ ਸਾਹਿਬ/ਬਲਬੀਰ ਸਿੰਘ ਬੱਬੀ**

ਗੁਰੂ ਰਵਿਦਾਸ ਜੀ ਦੇ ਅਨਿਨ ਸੇਵਕ, ਆਲ ਇੰਡੀਆ ਆਦਿ ਧਰਮ ਮਿਸ਼ਨ ਕਾਂਸ਼ੀ ਬਨਾਰਸ ਨਾਲ ਤੇ ਕੁਟੀਆ ਸਾਹਿਬ ਖੁਰਾਲਗੜ੍ਹ ਨਾਲ ਜੁੜ ਕੇ ਸੇਵਾਵਾਂ ਨਿਭਾਉਣ ਵਾਲੇ ਸੁਖਦੇਵ ਸਿੰਘ ਸਮਸ਼ਪੁਰੀ (ਸਮਰ-ਾਲਾ) ਜੋਂ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ ਸਨ। ਉਨਾਂ ਨਮਿੱਤ ਰੱਖੇ ਗਏ ਸ੍ਰੀ ਸਹਿਜ ਪਾਠ ਦਾ ਭੋਗ ਗੁਰਦੁਆਰਾ ਸ੍ਰੀ ਰਵਿਦਾਸ ਜੀ ਪਿੰਡ ਸਮਸ਼ਪੁਰ ਵਿੱਚ ਐਤਵਾਰ 13 ਜੁਲਾਈ ਨੂੰ ਪਾਇਆ ਜਾ ਰਿਹਾ ਹੈ।



ਸੁਖਦੇਵ ਸਿੰਘ ਸਮਸ਼ਪੁਰੀ ਦੇ ਤੁਰ ਜਾਣ ਤੇ ਅਨੇਕਾਂ ਧਾਰਮਿਕ ਰਾਜਨੀਤਿਕ ਸਮਾਜ ਸੇਵੀ ਸੰਸਥਾਵਾਂ ਤੋਂ ਇਲਾਵਾ ਕੁਟੀਆ ਸਾਹਿਬ ਖੁਰਾਲਗੜ੍ਹ ਦੇ ਮੁੱਖ ਸੇਵਾਦਾਰ ਬਾਬਾ ਸੁੱਚਾ ਸਿੰਘ ਖੁਰਾਲਗੜ੍ਹ ਵਾਲਿਆਂ ਨੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਤੇ ਉਹ ਸੰਗਤਾਂ ਸਮੇਤ ਭੋਗ ਉੱਤੇ ਵੀ ਪਹੁੰਚ ਰਹੇ ਹਨ।

# ਸਕੂਲਾਂ ਵਿੱਚ ਭੋਜਨ ਦੀ ਬਜਾਏ ਬੱਚਿਆਂ ਨੂੰ ਮਿਆਰੀ ਸਿੱਖਿਆ ਦਿੱਤੀ ਜਾਵੇ : ਸੰਤ ਕੁਲਵੰਤ ਰਾਮ ਭਰੋਮਜਾਰਾ

## ਸਰਕਾਰ ਨੂੰ ਸਕੂਲਾਂ ਵਿੱਚ ਵੱਧ ਤੋਂ ਵੱਧ ਅਧਿਆਪਕ ਭਰਤੀ ਕਰਨੇ ਚਾਹੀਦੇ ਹਨ

**ਹੁਸ਼ਿਆਰਪੁਰ, (ਤਰਸੇਮ ਦੀਵਾਨਾ)** ਸਰਕਾਰਾਂ ਨੇ ਗਰੀਬਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਰੋਟੀਆਂ ਖਾਣ ਜੋਗੇ ਹੀ ਬਣਾ ਦਿੱਤਾ ਹੈ, ਜਦ ਕਿ ਸਕੂਲ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਬਣਾਏ ਗਏ ਹਨ ਪਰ ਸਾਡੀਆਂ ਸਰਕਾਰਾਂ ਤਾਂ ਸਰਕਾਰੀ ਸਕੂਲਾਂ ਦੇ ਟੀਚਰਾਂ ਨੂੰ ਤਾਂ ਆਪਣੇ ਹੀ ਕੰਮਾਂ ਤੇ ਲਾਈ ਰੱਖਦੇ ਹਨ ਇਸ ਕਰਕੇ ਬੱਚਿਆਂ ਦੀ ਪੜ੍ਹਾਈ ਵੀ ਬਹੁਤ ਪਿੱਛੇ ਪੈ ਜਾਂਦੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਗੁਰੂ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਰਜਿ. ਪੰਜਾਬ ਦੇ ਪ੍ਰਧਾਨ ਅਤੇ ਡੇਰਾ 108 ਸੰਤ ਬਾਬਾ ਮੇਲਾ ਰਾਮ ਜੀ ਦੇ ਗੱਦੀ ਨਸ਼ੀਨ ਸੰਤ ਕੁਲਵੰਤ ਰਾਮ ਭਰੋਮਜ਼ਾਰਾਂ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਗੱਲ ਕਰਦੇ ਹਾਂ ਗੱਲ ਕਰਦਿਆਂ ਕਿਹਾ ਕਿ ਗਰੀਬਾਂ ਦੇ ਬੱਚਿਆਂ ਨੂੰ ਭੋਜਨ ਦੀ ਬਜਾਏ ਮਿਆਰੀ ਸਿੱਖਿਆ ਦੀ ਲੋੜ ਹੈ। ਉਹਨਾਂ ਕਿਹਾ ਕਿ ਸਕੂਲਾਂ ਵਿੱਚ ਢਾਬਿਆਂ ਵਾਂਗ ਮੀਨੂ ਦੇ






ਬੋਰਡ ਲਗਾਏ ਗਏ ਹਨ, ਜੋ ਕਿ ਬਹੁਤ ਹੀ ਨਿੰਦਣਯੋਗ ਹਨ। ਉਹਨਾਂ ਕਿਹਾ ਕਿ ਪੰਜਾਬ ਦਿਵਸ ਨੇਕ ਆਪਣੇ ਬੱਚਿਆਂ ਨੂੰ ਵਧੀਆ ਭੋਜਨ ਖੜਾ ਕੇ ਹੀ ਸਕੂਲਾਂ ਨੂੰ ਤੋਰਦੇ ਹਨ ਅੱਜ ਦੇ ਪਦਾਰਥਵਾਦੀ ਯੁੱਗ ਦੇ ਵਿੱਚ ਕੋਈ ਵੀ ਪਰਿਵਾਰ ਰੋਟੀ ਤੋਂ ਵਾਂਝਾ ਨਹੀਂ ਹੈ । ਉਹਨਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਜਿਆਦਾਤਰ ਗਰੀਬ ਪ੍ਰੀਵਾਰਾਂ ਦੇ ਬੱਚੇ ਹੀ ਪੜ੍ਹਦੇ ਹਨ ।ਇਸ ਲਈ ਉਹਨਾਂ ਨੂੰ ਕੇਵਲ ਰੋਟੀਆਂ ਖਾਣ ਤੱਕ ਹੀ ਸੀਮਤ ਰੱਖਿਆ ਜਾ ਰਿਹਾ ਹੈ। ਜਦ ਕਿ ਬੱਚਿਆਂ ਨੂੰ ਭੋਜਨ ਦੀ ਬਜਾਏ ਮਿਆਰੀ ਸਿੱਖਿਆ ਦੀ ਲੋੜ ਹੈ। ਸਰਕਾਰਾਂ ਕਰੋੜਾਂ ਰੁਪਏ ਬੱਚਿਆਂ ਨੂੰ ਸਕੂਲਾਂ ਵਿੱਚ ਖਾਣਾ ਖਿਲਾਉਣ ਲਈ ਖਰਚ ਰਹੀਆਂ ਹਨ, ਜਦ ਕਿ ਸਕੂਲ ਅਧਿਆਪਕਾਂ ਤੋਂ ਸੱਖਣੇ ਹਨ। ਸਰਕਾਰ ਨੂੰ ਸਕੂਲਾਂ ਵਿੱਚ ਵੱਧ ਤੋਂ ਵੱਧ ਅਧਿਆਪਕ ਭਰਤੀ ਕਰਨੇ ਚਾਹੀਦੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦਿੱਤੀ ਜਾ ਸਕੇ। ਉਹਨਾਂ ਸਰਕਾਰ ਨੂੰ ਸਖਤ ਲਹਿਜੇ ਵਿੱਚ ਕਿਹਾ ਕਿ ਸਰਕਾਰ ਜਿਹੜੇ ਕਰੋੜਾਂ ਰੁਪਏ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਭੋਜਨ ਵਾਸਤੇ ਖਰਚ ਰਹੀ ਹੈ ਇਹੀ ਪੈਸਾ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਦੇ ਲਈ ਟੀਚਰ ਭਰਤੀ ਕਰਕੇ ਟੀਚਰਾਂ ਤੇ ਖਰਚਿਆ ਜਾਵੇ ਤਾਂ ਬਹੁਤ ਵਧੀਆ ਹੋਵੇਗਾ !

# ਲਖਵਿੰਦਰ ਸਿੰਘ ਲੱਖੀ ਨੂੰ ਸ਼੍ਰੋਮਣੀ ਅਕਾਲੀ ਦਲ ਵਲੋਂ ਦੂਸਰੀ ਵਾਰ ਪ੍ਰਧਾਨ ਨਿਯੁਕਤ ਕਰਨ ਤੇ ਕੀਤਾ ਸਨਮਾਨ

**ਸ਼੍ਰੋਮਣੀ ਅਕਾਲੀ ਦਲ ( ਬਾਦਲ ) ਨਾਲ ਪੂਰਾ ਪੰਜਾਬ ਮੋਢੇ ਨਾਲ ਮੋਢਾ ਜੋੜ ਕੇ ਖੜਾ ਹੈ : ਬੰਟੀ ਚੱਗਰਾਂ, ਭੀਲੋਵਾਲ**



**ਲਖਵਿੰਦਰ ਸਿੰਘ ਲੱਖੀ ਦਾ ਸਨਮਾਨ ਕਰਦੇ ਹੋਏ ਨਿਰਮਲ ਸਿੰਘ ਭੀਲੋਵਾਲ ਅਤੇ ਸਤਨਾਮ ਸਿੰਘ ਬੰਟੀ ਚੱਗਰਾ ਅਤੇ ਹੋਰ !**
**ਫੋਟੋ ਅਜਮੇਰ ਦੀਵਾਨਾ**

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਲਖਵਿੰਦਰ ਸਿੰਘ ਲੱਖੀ ਗਿੱਲਜੀਆਂ ਨੂੰ ਸ਼੍ਰੋਮਣੀ ਅਕਾਲੀ ਦਲ ਵਲੋਂ ਜ਼ਿਲਾ ਹੁਸ਼ਿਆਰਪੁਰ (ਦਿਹਾਤੀ) ਦਾ ਦੂਸਰੀ ਵਾਰ ਪ੍ਰਧਾਨ ਨਿਯੁਕਤ ਕਰਨ ਤੇ ਹਲਕਾ ਚੱਬੇਵਾਲ ਤੋ ਅਕਾਲੀ ਆਗੂ ਨਿਰਮਲ ਸਿੰਘ ਭੀਲੋਵਾਲ ਅਤੇ ਸਤਨਾਮ ਸਿੰਘ ਬੰਟੀ ਚੱਗਰਾ ਦੀ ਅਗਵਾਈ ਵਿਚ ਹਲਕਾ ਚੱਬੇਵਾਲ ਦੀ ਸਮੁੱਚੀ ਟੀਮ ਵੱਲੋਂ ਸਨਮਾਨ ਕੀਤਾ ਗਿਆ ਅਤੇ ਸਮੁੱਚੀ ਜਥੇਬੰਦੀ ਵੱਲੋਂ ਪਾਰਟੀ ਸਰਦਾਰ ਸੁਖਬੀਰ ਸਿੰਘ ਬਾਦਲ ਅਤੇ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਵੀ ਕੀਤਾ ਗਿਆ ਇਸ ਮੌਕੇ ਹੋਰਨਾਂ ਤੋ ਇਲਾਵਾ ਰਸਪਾਲ ਸਿੰਘ,ਅਵਤਾਰ ਸਿੰਘ,ਅਮਨਦੀਪ ਸਿੰਘ ਸੋਨੀ, ਅਵਤਾਰ ਸਿੰਘ ਸਸੋਲੀ, ਮੇਜਰ ਸਿੰਘ,ਪਰਗਟ ਸਿੰਘ ਪੱਟੀ, ਤਰਲੋਚਨ ਸਿੰਘ,ਸੁਮਿਤ ਸ਼ਰਮਾ ਲਾਲੀ,ਬਲਵੀਰ ਸਿੰਘ ਚੱਬੇਵਾਲ,ਪਰਮਜੀਤ ਸਿੰਘ ਪੰਮਾ ਸਿੰਘਪੁਰ,ਸੁੱਚਾ ਸਿੰਘ ਚੱਬੇਵਾਲ,ਕਮਲਜੀਤ ਸਿੰਘ ਜੱਟਪੁਰ,ਬਲਵਿੰਦਰ ਸਿੰਘ ਚੱਗਰਾ, ਪਰਮਜੀਤ ਸਿੰਘ,ਰਘਵੀਰ ਸਿੰਘ ਮਹਿਨਾ,ਮੁਖਤਿਆਰ ਸਿੰਘ, ਦਿਲਬਾਗ ਸਿੰਘ ਕਾਲੀਆਂ,ਲਾਲੀ ਭੀਲੋਵਾਲ,ਤਰਸੇਮ ਸਿੰਘ, ਆਦਿ ਹਾਜ਼ਰ ਸਨ !

for more news visit:
www.samajweekly.com

# ਸਰਕਾਰੀ ਕਾਲਜ 'ਚ 'ਵਿਸ਼ਵ ਆਬਾਦੀ ਦਿਵਸ' ਅਤੇ 'ਅੰਤਰਰਾਸ਼ਟਰੀ ਸਾਖਰਤਾ ਹਫ਼ਤਾ' ਮਨਾਉਣ ਲਈ ਪ੍ਰੋਗਰਾਮ ਆਯੋਜਿਤ ਕੀਤੇ ਗਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਕਾਲਜ ਵਿੱਚ ਕਾਲਜ ਦੇ ਪ੍ਰਿੰਸੀਪਲ ਗੁਰਮੀਤ ਸਿੰਘ ਜੀ, ਵਾਈਸ ਪ੍ਰਿੰਸੀਪਲ ਅਤੇ ਰੈੱਡ ਰਿਬਨ ਕਲੱਬ ਇੰਚਾਰਜ ਪ੍ਰੋ. ਵਿਜੇ ਕੁਮਾਰ ਦੇ ਸਹਿਯੋਗ ਨਾਲ, 'ਵਿਸ਼ਵ ਆਬਾਦੀ ਦਿਵਸ' ਅਤੇ 'ਅੰਤਰਰਾਸ਼ਟਰੀ ਸਾਖਰਤਾ ਹਫ਼ਤਾ' ਮੁਹਿੰਮ ਤਹਿਤ ਪ੍ਰੋਗਰਾਮ ਆਯੋਜਿਤ ਕੀਤੇ ਗਏ। ਪ੍ਰੋ. ਵਿਜੇ ਕੁਮਾਰ ਨੇ ਵਿਸ਼ਵ ਆਬਾਦੀ ਦਿਵਸ ਦੇ ਮੌਕੇ 'ਤੇ ਵਧਦੀ ਆਬਾਦੀ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਦੁਨੀਆ ਦੀ ਮੌਜੂਦਾ ਸਥਿਤੀ ਅਤੇ ਧਰਤੀ ਦਾ ਵਿਨਾਸ਼ ਆਬਾਦੀ ਕਾਰਨ ਹੈ। ਇਸ ਲਈ, ਸਾਨੂੰ ਸਾਰਿਆਂ ਨੂੰ ਵਧਦੀ ਆਬਾਦੀ ਨੂੰ ਰੋਕਣ ਵਿੱਚ ਸਹਿਯੋਗ ਕਰਨਾ ਪਵੇਗਾ। ਧਰਮ, ਮੁੰਡੇ-ਕੁੜੀਆਂ ਵਿੱਚ ਵਿਤਕਰਾ, ਜਾਤੀਵਾਦ, ਜਾਦੂ-ਟੂਣੇ ਦੀਆਂ ਭਾਵਨਾਵਾਂ ਤੋਂ ਉੱਪਰ ਉੱਠ ਕੇ, ਮਨੁੱਖਾਂ ਨੂੰ ਆਬਾਦੀ ਨੂੰ ਕੰਟਰੋਲ ਕਰਨ ਵਿੱਚ ਸਹਿਯੋਗ ਕਰਨਾ ਪਵੇਗਾ, ਤਾਂ ਹੀ ਅਸੀਂ ਇਸ ਦਿਨ ਨੂੰ ਮਨਾਉਣ ਵਿੱਚ ਸਫਲ ਹੋ ਸਕਦੇ ਹਾਂ।

ਪ੍ਰੋ. 'ਅੰਤਰਰਾਸ਼ਟਰੀ ਸਾਖਰਤਾ ਹਫ਼ਤਾ' ਮਨਾਉਂਦੇ ਹੋਏ, ਵਿਜੇ ਕੁਮਾਰ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਕਾਲਜ ਸਟਾਫ਼ ਸਾਹਮਣੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਕਿਹਾ ਕਿ ਸਾਨੂੰ ਸਾਰਿਆਂ ਨੂੰ




ਗਰੀਬ ਬੱਚਿਆਂ ਨੂੰ ਸਿੱਖਿਆ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਨਾ ਪਵੇਗਾ। ਇਹ ਸੁਨੇਹਾ ਉਨ੍ਹਾਂ ਤੱਕ ਪਹੁੰਚਾਉਣ ਦੀ ਲੋੜ ਹੈ ਕਿ ਸਰਕਾਰ ਹਰ ਗਰੀਬ ਬੱਚੇ ਨੂੰ ਸਿੱਖਿਆ ਦੇਣ ਵਿੱਚ ਪੂਰਾ ਸਹਿਯੋਗ ਦੇ ਰਹੀ ਹੈ। ਉਹ ਉਸਦੀ ਫੀਸ, ਖਾਣੇ ਅਤੇ ਕਿਤਾਬਾਂ ਦਾ ਪ੍ਰਬੰਧ ਖੁਦ ਕਰ ਰਹੀ ਹੈ। ਸਾਡਾ ਫਰਜ਼ ਹੈ ਕਿ ਅਸੀਂ ਅਨਪੜ੍ਹਾਂ ਨੂੰ ਪੜ੍ਹਾਈ ਲਈ ਜਾਗਰੂਕ ਕਰੀਏ। ਜੇਕਰ ਕੋਈ ਸਿੱਖਿਅਤ ਹੋ ਜਾਂਦਾ ਹੈ ਤਾਂ ਸਮਾਜ ਵਿੱਚ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਨਹੀਂ ਹੋਵੇਗਾ, ਜਿਸਦੀ ਅੱਜ ਦੇ ਸਮੇਂ ਵਿੱਚ ਬਹੁਤ ਲੋੜ ਹੈ। ਪ੍ਰੋ. ਵਿਜੇ ਕੁਮਾਰ, ਪ੍ਰੋ: ਹਰਜਿੰਦਰ ਪਾਲ, ਪ੍ਰੋ: ਸੂਰਜ ਕੁਮਾਰ, ਪ੍ਰੋ: ਮੋਹਿਤ ਮੋਹਨ, ਪ੍ਰੋ: ਸੋਫੀਆ ਗਿੱਲ, ਪ੍ਰੋ: ਹਰਪ੍ਰੀਤ ਕੌਰ, ਪ੍ਰੋ: ਮੋਨਿਕਾ ਕੰਵਰ ਤੋਂ ਇਲ-ਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀ ਵੀ ਇਸ ਸਮੇਂ ਹਾਜ਼ਰ ਸਨ। ਇਸ ਮੌਕੇ ਵਿਸ਼ੇ ਅਨੁਸਾਰ ਪੋਸਟਰਾਂ ਰਾਹੀਂ ਜਾਗਰੂਕਤਾ ਵੀ ਫੈਲਾਈ ਗਈ।

# ਵਿਕਾਸ ਤੇ ਸੰਘਰਸ਼ ਦੀ ਦੌੜ

ਅੱਜ ਦਾ ਯੁੱਗ ਤਕਨੀਕੀ, ਜਾਣਕਾਰੀ ਅਤੇ ਤੇਜ਼ ਰਫ਼ਤਾਰ ਵਾਲਾ ਯੁੱਗ ਹੈ। ਇਹ ਇੱਕ ਅਜਿਹਾ ਦੌਰ ਹੈ ਜਿੱਥੇ ਇਨਸਾਨ ਚੰਦਰਮਾ ਤੋਂ ਅੱਗੇ ਮਿਸ਼ਨ ਭੇਜ ਰਿਹਾ ਹੈ ਅਤੇ ਉਂਗਲੀ ਦੇ ਇਕ ਛੋਟੇ ਜਿਹਾ ਟਚ ਨਾਲ ਦੁਨੀਆਂ ਦੀ ਕਿਸੇ ਵੀ ਕੋਨੇ ਦੀ ਜਾਣਕਾਰੀ ਲੈ ਸਕਦਾ ਹੈ। ਇਸ ਡਿਜੀਟਲ ਯੁੱਗ ਵਿੱਚ ਇੰਟਰਨੈਟ, ਮੋਬਾਈਲ, ਆਰਟੀਫੀਸ਼ੀਅਲ ਇੰਟੈਲੀਜੈਂਸ ਵਰਗੀਆਂ ਤਕਨੀਕਾਂ ਨੇ ਜੀਵਨ ਸੌਖਾ ਤੇ ਆਧੁਨਿਕ ਬਣਾ ਦਿੱਤਾ ਹੈ। ਪਰ ਇਨ੍ਹਾਂ ਤਰੱਕੀਆਂ ਦੇ ਨਾਲ-ਨਾਲ, ਆਧੁਨਿਕ ਯੁੱਗ ਕੁਝ ਚੁਣੌਤੀਆਂ ਵੀ ਲੈ ਕੇ ਆਇਆ ਹੈ। ਅੱਜ ਇਨਸਾਨ ਦੇ ਕੋਲ ਸਭ ਕੁਝ ਹੈ, ਪਰ ਸਮਾਂ ਨਹੀਂ। ਭਾਵਨਾਵਾਂ ਹਨ, ਪਰ ਸੰਵੇਦਨਾ ਨਹੀਂ। ਮਨੁੱਖੀ ਰਿਸ਼ਤੇ ਮਸ਼ੀਨ ਵਰਗੇ ਹੋ ਗਏ ਹਨ। ਲੋਕ ਇੱਕ-ਦੂਜੇ ਦੇ ਨਾਲ ਵਧੇਰੇ ਜੁੜੇ ਹੋਏ ਦਿਸਦੇ ਹਨ, ਪਰ ਅੰਦਰੋਂ ਅਕੇਲੇ ਹੋ ਗਏ ਹਨ। ਨੌਜਵਾਨ ਨਸ਼ਿਆਂ, ਡਿਪ੍ਰੈਸ਼ਨ ਅਤੇ ਡਿਜੀਟਲ ਲੱਤਾਂ ਦਾ ਸ਼ਿਕਾਰ ਹੋ ਰਹੇ ਹਨ। ਸਮਾਜਕ ਮੀਡੀਆ ਨੇ ਜਿੱਥੇ ਅਵਾਜ਼ ਬਣਨ ਦਾ ਮੰਚ ਦਿੱਤਾ, ਉੱਥੇ ਹੀ ਨਫ਼ਰਤ ਅਤੇ ਝੂਠੀ ਚਮਕ ਦਾ ਆਲਮ ਵੀ ਖੜਾ ਕੀਤਾ। ਇਸ ਯੁੱਗ ਦੀ ਸਭ ਤੋਂ ਵੱਡੀ ਔਖਾਈ ਇਹ ਹੈ ਕਿ ਇਨਸਾਨ ਵਿਕਾਸ ਦੀ ਦੌੜ ਵਿੱਚ ਆਪਣੀ ਆਤਮਾ ਨੂੰ ਭੁੱਲ ਰਿਹਾ ਹੈ। ਇਸ ਲਈ ਲੋੜ ਹੈ ਕਿ ਅਸੀਂ ਤਕਨੀਕੀ ਤਰੱਕੀ ਦੇ ਨਾਲ-ਨਾਲ ਆਤਮਿਕ, ਮਾਨਸਿਕ ਅਤੇ ਸੰਸਕਾਰਕ ਤਰੱਕੀ ਵੱਲ ਵੀ ਧਿਆਨ ਦੇਈਏ। ਸੱਚਾ ਵਿਕਾਸ ਓਹੀ ਹੈ ਜੋ ਮਨੁੱਖ ਨੂੰ ਆਰਾਮ ਨਹੀਂ, ਪਰ ਅਸਲੀ ਅਰਥਾਂ ਵਿੱਚ ਸ਼ਾਂਤੀ, ਸਮਰਥਾ ਅਤੇ ਸੰਵੇਦਨਾ ਦੇਵੇ। ਨਤੀਜਾ ਇਹ ਕਿ ਔਜਕਾ ਯੁੱਗ ਤਕਨੀਕੀ ਤੌਰ 'ਤੇ ਅੱਗੇ ਵਧ ਰਿਹਾ ਹੈ, ਪਰ ਇਸ ਤਰੱਕੀ ਨੂੰ ਸਹੀ ਦਿਸ਼ਾ ਦੇਣ ਲਈ ਮਾਨਵਿਕ ਮੁੱਲਾਂ ਅਤੇ ਜ਼ਿੰਮੇਵਾਰੀ ਭਾਵਨਾ ਨੂੰ ਵੀ ਅਪਣਾਉਣਾ ਲਾਜ਼ਮੀ ਹੈ।

**ਮੰਜੂ ਰਾਇਕਾ।**
**ਭਿੰਡਰਾਂ (ਸੰਗਰੂਰ)**

# ਮਨਰੇਗਾ ਮਜ਼ਦੂਰਾਂ ਦੇ ਭਵਿੱਖ ਦਾ ਖਿਆਲ ਵੀ ਸਰਕਾਰ ਵਲੋਂ ਰੱਖਿਆ ਜਾਣਾ ਚਾਹੀਦਾ ਹੈ - ਐਨ ਐਲ ਓ ਰਾਹੋਂ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐੱਨ ਐੱਲ ਓ) ਦੇ ਕਨਵੀਨਰ ਬਲਦੇਵ ਭਾਰਤੀ ਦੱਸਿਆ ਕਿ ਮਨਰੇਗਾ ਅਧੀਨ ਕਰਵਾਏ ਜਾਂਦੇ ਕੰਮਾਂ ਵਿੱਚੋਂ ਸੜਕਾਂ ਦੇ ਬਰਮਾਂ, ਨਹਿਰਾਂ, ਸੂਇਆਂ, ਛੱਪੜਾਂ ਅਤੇ ਲੈਂਡ ਲੈਵਲਿੰਗ ਦੇ ਕੰਮਾਂ ਤੋਂ ਇਲਾਵਾ ਹੋਰ ਕੱਚੇ ਕੰਮ ਵੀ ਬੰਦ ਕਰ ਦਿੱਤੇ ਗਏ ਹਨ। ਜਿਸ ਨਾਲ ਮਨਰੇਗਾ ਮਜ਼ਦੂਰਾਂ ਅਤੇ ਮੁਲਾਜ਼ਮਾਂ ਲਈ ਰੋਜ਼ਗਾਰ ਦੇ ਮੌਕੇ ਖਤਮ ਹੋ ਰਹੇ ਹਨ। ਅਜਿਹੇ ਮੁੱਖ ਕੰਮ ਬੰਦ ਕਰ ਕੇ ਕੇਂਦਰ ਅਤੇ ਰਾਜ ਸਰਕਾਰ ਮਨਰੇਗਾ ਨੂੰ ਖਤਮ ਕਰਨ ਜਾ ਰਹੀਆਂ ਹਨ। ਇਹ ਸਿਲਸਿਲਾ ਕਰੀਬ 7 ਮਹੀਨਿਆਂ ਤੋਂ ਚੱਲ ਰਿਹਾ ਹੈ। ਉਨ੍ਹਾਂ ਇਸ ਵਰਤਾਰੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਕਿਹਾ ਇਸ ਨਾਲ ਮਨਰੇਗਾ ਮਜ਼ਦੂਰਾਂ, ਮੇਹਟਾਂ, ਗ੍ਰਾਮ ਰੋਜ਼ਗਾਰ ਸਹਾਇਕ, ਤਕਨੀਕੀ ਸਹਾਇਕਾਂ ਅਤੇ ਸਹਾਇਕ ਪ੍ਰੋਗਰਾਮ ਅਫ਼ਸਰਾਂ ਆਦਿ ਵੱਖ ਵੱਖ ਕੈਟਾਗਰੀਆਂ ਦੇ ਮੁਲਾਜ਼ਮਾਂ ਦੇ ਭਵਿੱਖ ਉੱਤੇ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਚੁੱਕਾ ਹੈ। ਮਨਰੇਗਾ ਮਜ਼ਦੂਰਾਂ ਦੇ ਕੀਤੇ ਹੋਏ ਕੰਮ ਦੀ ਮਜ਼ਦੂਰੀ ਅਤੇ ਮਨਰੇਗਾ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਮਹੀਨਿਆਂ ਬੱਧੀ ਰੋਕੇ ਜਾਣ ਨਾਲ ਉਹ ਅਤਿ ਮੰਦੇ ਹਾਲਾਤਾਂ ਵਿੱਚੋਂ ਗੁਜ਼ਰ ਰਹੇ ਹਨ। ਐੱਨ ਐੱਲ ਓ ਦੇ ਕਨਵੀਨਰ ਬਲਦੇਵ ਭਾਰਤੀ ਨੇ ਇਹ ਵੀ ਕਿਹਾ ਕਿ



ਸਰਕਾਰਾਂ ਮਨਰੇਗਾ ਨੂੰ ਸੁਚੱਜੇ ਢੰਗ ਨਾਲ ਲਾਗੂ ਕਰਨ ਦੀ ਬਜਾਏ ਇਸ ਨੂੰ ਖਤਮ ਕਰਨ ਦੀ ਨੀਅਤ ਅਤੇ ਨੀਤੀ ਤੇ ਚੱਲ ਰਹੀਆਂ ਹਨ ਅਤੇ ਇਸ ਨੂੰ ਸਹਿਣ ਨਹੀਂ ਕੀਤਾ ਜਾਵੇਗਾ। ਉਨ੍ਹਾਂ ਪੁਰਜ਼ੋਰ ਮੰਗ ਕੀਤੀ ਕਿ ਮਨਰੇਗਾ ਨੂੰ ਹੂਬਹੂ ਲਾਗੂ ਕੀਤਾ ਜਾਵੇ ਇਸ ਦੇ ਬਜਟ ਵਿੱਚ ਵੀ ਲੋੜੀਂਦਾ ਵਾਧਾ ਕੀਤਾ ਜਾਵੇ।

# ਪ੍ਰੋਜੇਕਟ ਜੀਵਨ ਜੋਤ ਤਹਿਤ ਬਾਲ ਭਿੱਖਿਆ ਖਿਲਾਫ ਮੁਹਿੰਮ ਜਾਰੀ

## ਚੈਕਿੰਗ ਟੀਮ ਨੇ ਕਰਵਾਏ ਤਿੰਨ ਬੱਚੇ ਰੈਸਕਿਊ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਡਾਇਰੈਕਟਰ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨਿਰਦੇਸ਼ਾਂ 'ਤੇ ਜ਼ਿਲੇ ਵਿਚ ਚੱਲ ਰਹੀ ਮੁਹਿੰਮ ਤਹਿਤ ਨਵਾਂ ਸ਼ਹਿਰ ਅਧੀਨ ਬਸ ਸਟੈਂਡ , ਕੋਠੀ ਰੋਡ, ਬੰਗਾ ਰੋਡ ਰੇਲਵੇ ਰੋਡ 'ਤੇ ਬਾਲ ਭਿੱਖਿਆ ਖਿਲਾਫ ਚੈਕਿੰਗ ਕੀਤੀ ਗਈ ਅਤੇ 18 ਸਾਲ ਤੋਂ ਘੱਟ ਉਮਰ ਦੇ ਤਿੰਨ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀਆਂ ਹਦਾਇਤਾਂ 'ਤੇ ਪ੍ਰੋਜੇਕਟ ਜੀਵਨ ਜੋਤ ਨੂੰ ਲਾਗੂ ਕਰਨ ਲਈ ਜਿਲੇ ਵਿੱਚ ਬਾਲ ਭਿੱਖਿਆ ਖਿਲਾਫ ਮੁਹਿੰਮ ਜਾਰੀ ਹੈ। ਜ਼ਿਲਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਦੀ ਅਗਵਾਈ ਅਤੇ ਜਿਲਾ ਬਾਲ ਸੁਰੱਖਿਆ ਅਫਸਰ ਕੰਚਨ ਅਰੋੜਾ ਦੀ ਪ੍ਰਧਾਨਗੀ ਹੇਠ ਨਵਾਂ ਸ਼ਹਿਰ ਵਿਖੇ ਬੱਸ ਸਟੈਂਡ , ਕੋਠੀ ਰੋਡ, ਬੰਗਾ ਰੋਡ ਰੇਲਵੇ ਰੋਡ 'ਤੇ ਖਿਲਾਫ ਚੈਕਿੰਗ ਕੀਤੀ ਗਈ। ਕੰਚਨ ਅਰੋੜਾ ਨੇ ਦੱਸਿਆ ਕਿ ਟੀਮ ਵੱਲੋਂ ਚੈਕਿੰਗ ਦੌਰਾਨ 18 ਸਾਲ ਤੋਂ ਘੱਟ ਉਮਰ ਦੇ ਤਿੰਨ ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਜਿਸ ਉਪਰੰਤ ਬਾਲ ਭਲਾਈ ਕਮੇਟੀ ਵਿਖੇ ਪੇਸ਼ ਕੀਤਾ ਗਿਆ ਹੈ ਤਾਂ ਜੋ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਗਲੇਰੀ ਕਾਰਵਾਈ ਕੀਤੀ ਜਾ ਸਕੇ।ਜਿਲ੍ਹਾ ਬਾਲ ਸੁਰੱਖਿਆ ਅਫਸਰ ਵੱਲੋਂ ਦੁਕਾਨਦਾਰਾਂ ਅਤੇ ਆਮ ਜਨਤਾ ਨੂੰ ਜਾਗਰੂਕ ਕੀਤਾ ਗਿਆ ਕਿ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਭੀਖ ਮੰਗਵਾਉਣਾ ਕਾਨੂੰਨੀ ਤੌਰ 'ਤੇ ਅਪਰਾਧ ਹੈ



। ਬਾਲ ਭਿੱਖਿਆ ਨੂੰ ਜੜ ਤੋਂ ਖਤਮ ਕਰਨ ਲਈ ਭੀਖ ਮੰਗਣ ਵਾਲੇ ਬੱਚਿਆਂ ਨੂੰ ਭੀਖ ਵਿੱਚ ਪੈਸੇ ਨਾ ਦਿੱਤੇ ਜਾਣ ਸਗੋਂ ਉਨਾਂ ਦੇ ਮਾਂ ਪਿਓ ਦੀ ਕਾਊਂਸਲਿੰਗ ਕੀਤੀ ਜਾਵੇ ਤਾਂ ਜੋ ਉਹ ਆਪਣੇ ਬੱਚਿਆਂ ਨੂੰ ਭੀਖ ਮੰਗਣ ਦੀ ਬਜਾਏ ਸਕੂਲਾਂ ਵਿੱਚ ਪੜ੍ਹਨ ਲਈ ਭੇਜਣ। ਇਸ ਮੌਕੇ ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ ਵੱਲੋਂ ਸਰਕਾਰ ਵੱਲੋਂ ਲੋੜਵੰਦ ਬੱਚਿਆਂ ਲਈ ਚਲਾਈ ਜਾ ਰਹੀ ਸਪੋਂਸਰਸ਼ਿਪ ਸਕੀਮ ਸਬੰਧੀ ਵੀ ਜਾਣੂ ਕਰਵਾਇਆ ਗਿਆ ਜਿਸ ਤਹਿਤ ਲੋੜਵੰਦ ਅਤੇ ਬੇਸਹਾਰਾ ਬੱਚਿਆਂ ਨੂੰ ਪ੍ਰਤੀ ਮਹੀਨਾ 4000 ਰੁਪਏ ਵਿੱਤੀ ਸਹਾਇਤਾ ਬੱਚਿਆਂ ਨੂੰ ਸਿੱਖਿਅਤ ਕਰਨ ਲਈ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਵੱਲੋ ਬਸ ਸਟੈਂਡ ਤੇ ਮੌਜੂਦ ਟੈਕਸੀ ਡਰਾਈਵਰਾਂ ਅਤੇ ਆਮ ਜਨਤਾ ਨੂੰ ਅੱਜ ਕਲ ਬੱਚਿਆ ਨਾਲ ਹੋ ਰਹੇ ਹਰ ਤਰਹਾਂ ਦੇ ਸੋਸ਼ਣ ਬਾਰੇ ਜਾਣੂ ਕਰਵਾਉਂਦੇ ਹੋਏ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ ਗਈ ਅਤੇ ਕਿਹਾ ਗਿਆ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਭਿਖਿਆ ਵਿੱਚ ਲੱਗਿਆ ਦਿਖਾਈ ਦਿੰਦਾ ਹੈ ਤਾਂ ਇਸ ਸਬੰਧੀ ਜਾਣਕਾਰੀ ਜਿਲਾ ਬਾਲ ਸੁਰੱਖਿਆ ਯੂਨਿਟ ਕਮਰਾ ਨੰਬਰ 309 ਦੂਜੀ ਮੰਜ਼ਿਲ ਡੀਸੀ ਦਫਤਰ ਜਾਂ ਚਾਇਲਡ ਹੈਲਪਲਾਈਨ ਨੰਬਰ 1098 ਤੇ ਦਿੱਤੀ ਜਾਣੀ ਯਕੀਨੀ ਬਣਾਈ ਜਾਵੇ। ਚੈਕਿੰਗ ਟੀਮ ਵਿੱਚ ਬਾਲ ਸੁਰੱਖਿਆ ਅਫਸਰ ਗੌਰਵ ਸ਼ਰਮਾ ਅਤੇ ਸੰਤੋਸ਼ ਡੀਈਓ, ਸੀਡੀਪੀਓ ਦਫਤਰ ਤੋਂ ਸੁਪਰਵਾਈਜਰ ਹਰਭਜਨ ਕੌਰ, ਪੁਲਿਸ ਵਿਭਾਗ ਤੋਂ ਮੇਹਰ ਚੰਦ ਏ ਐਸ ਆਈ ਅਤੇ ਸੁਰਜੀਤ ਸਿੰਘ ਦੇ ਨਾਲ ਨਾਲ ਸਿੱਖਿਆ ਵਿਭਾਗ ਤੋਂ ਪ੍ਰਾਇਮਰੀ ਟੀਚਰ ਮੋਹਿਤ ਰੁੰਬਰ ਮੌਜੂਦ ਸਨ।

# ਆਬਾਦੀ ਦਿਵਸ 'ਤੇ ਬੱਚਿਆਂ ਦੇ ਅਜੋਵਾਲ ਸਕੂਲ ਵਿੱਚ ਵੱਖ-ਵੱਖ ਮੁਕਾਬਲੇ ਕਰਵਾਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਸਿੱਖਿਆ ਅਧਿਕਾਰੀ ਮੈਡਮ ਲਲਿਤਾ ਅਰੋੜਾ ਦੇ ਨਿਰਦੇਸ਼ਾਂ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜੋਵਾਲ ਵਿਖੇ ਵਿਸ਼ਵ ਆਬਾਦੀ ਦਿਵਸ ਮੌਕੇ ਪ੍ਰਿੰਸੀਪਲ ਅਸ਼ੋਕ ਕੁਮਾਰ ਦੀ ਪ੍ਰਧਾਨਗੀ ਹੇਠ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਏ ਗਏ। ਇਸ ਮੌਕੇ ਵਿਦਿਆਰਥੀਆਂ ਨੇ ਬਹਿਸ, ਭੂਮਿਕਾ ਨਿਭਾਉਣੀ, ਕਹਾਣੀ ਲਿਖਣਾ, ਕਵਿਤਾ ਲਿਖਣਾ, ਸਲੋਗਨ ਲਿਖਣਾ, ਪੋਸਟਰ ਮੇਕਿੰਗ ਅਤੇ ਸਕਿੱਟ ਮੁਕਾਬਲੇ ਵਿੱਚ ਹਿੱਸਾ ਲੈ ਕੇ ਵਧਦੀ ਆਬਾਦੀ ਦੇ ਮਾੜੇ ਪ੍ਰਭਾਵਾਂ ਨੂੰ ਉਜਾਗਰ ਕੀਤਾ। ਇਸ ਮੌਕੇ ਮੈਡਮ ਸੁਕ੍ਰਿਤੀ ਕਸ਼ਯਪ ਨੇ ਕਿਹਾ ਕਿ ਆਬਾਦੀ ਦਿਵਸ ਇੱਕ ਮਹੱਤਵਪੂਰਨ ਮੌਕਾ ਹੈ। ਸਾਨੂੰ ਤੇਜ਼ੀ ਨਾਲ ਵੱਧ ਰਹੀ ਆਬਾਦੀ ਅਤੇ ਇਸ ਨਾਲ ਜੁੜੀਆਂ ਚੁਣੌਤੀਆਂ ਤੋਂ ਜਾਣੂ ਕਰਵਾਉਂਦਾ ਹੈ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਆਬਾਦੀ ਨਿਯੰਤਰਣ ਅਤੇ ਪਰਿਵਾਰ ਨਿਯੋਜਨ ਦੇ ਮੁੱਦਿਆਂ 'ਤੇ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ। 2023 ਦੇ ਅਨੁਮਾਨਾਂ ਅਨੁਸਾਰ, ਭਾਰਤ ਦੀ ਆਬਾਦੀ 1.4 ਬਿਲੀਅਨ ਦੇ ਨੇੜੇ ਹੈ। ਇਹ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ, ਅਤੇ 2030 ਤੱਕ ਇਹ ਭਾਰਤ ਦਾ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣਨ ਦੀ ਸੰਭਾਵਨਾ ਹੈ। ਭਾਰਤ ਦੁਨੀਆ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵੱਧ ਸੰਘਣੀ ਆਬਾਦੀ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ। ਇਹ ਆਬਾਦੀ ਦੇ ਮਾਮਲੇ ਵਿੱਚ ਚੀਨ ਤੋਂ ਪਿੱਛੇ ਹੈ, ਪਰ ਇਹ ਭਵਿੱਖਬਾਣੀ ਕੀਤੀ ਗਈ ਹੈ ਕਿ ਇਹ ਆਉਣ ਵਾਲੇ ਸਾਲਾਂ ਵਿੱਚ ਚੀਨ ਨੂੰ ਪਿੱਛੇ ਛੱਡ ਸਕਦਾ ਹੈ। ਇਸ ਮੌਕੇ 'ਤੇ, ਬਬਨੀਤ ਕੌਰ ਨੇ ਕਿਹਾ ਕਿ ਇਹ ਦਿਨ ਗਰਭ ਨਿਰੋਧ ਅਤੇ ਪਰਿਵਾਰ ਨਿਯੋਜਨ ਦੀ ਮਹੱਤਤਾ ਬਾਰੇ ਜਾਗਰੂਕਤਾ ਲਈ ਸਮਰਪਿਤ ਹੈ। ਇਸ ਦਿਨ ਨੂੰ ਮਨਾਉਣ ਦਾ ਉਦੇਸ਼ ਆਬਾਦੀ ਵਿਸਫੋਟ, ਪਰਿਵਾਰ ਨਿਯੋਜਨ, ਲਿੰਗ ਸਮਾਨਤਾ, ਗਰੀਬੀ, ਮਾਵਾਂ ਦੀ ਸਿਹਤ ਅਤੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਾ ਹੈ।ਲੋਕ ਸਹੀ ਜਾਣਕਾਰੀ ਅਤੇ ਸਰੋਤਾਂ ਨਾਲ ਆਪਣੇ ਪਰਿਵਾਰ ਦੀ ਯੋਜਨਾ ਬਣਾ ਸਕਦੇ ਹਨ ਅਤੇ ਆਪਣੇ ਜੀਵਨ ਨੂੰ ਬਿਹਤਰ ਬਣਾ ਸਕਦੇ ਹਨ। ਤੇਜ਼ੀ ਨਾਲ ਵਧਦੀ ਆਬਾਦੀ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਕਰਦੀ ਹੈ, ਜਿਵੇਂ ਕਿ ਸਰੋਤਾਂ ਦੀ ਘਾਟ, ਵਾਤਾਵਰਣ ਪ੍ਰਦੂਸ਼ਣ ਅਤੇ ਜੀਵਨ ਦੀ ਗੁਣਵੱਤਾ ਵਿੱਚ ਗਿਰਾਵਟ। ਇਸ ਦਿਨ ਦਾ ਉਦੇਸ਼ ਲੋਕਾਂ ਨੂੰ ਇਨ੍ਹਾਂ ਸਮੱਸਿਆਵਾਂ ਬਾਰੇ ਜਾਗਰੂਕ ਕਰਨਾ ਅਤੇ ਹੱਲ ਪੇਸ਼ ਕਰਨਾ ਹੈ। ਫੋਟੋ ਕੈਪਸ਼ਨ: ਬਹਿਸ ਮੁਕਾਬਲੇ ਵਿੱਚ ਹਿੱਸਾ ਲੈ ਰਹੇ ਬੱਚੇ।



# ਆਸ਼ੀਰਵਾਦ ਯੋਜਨਾ: ਹੁਸ਼ਿਆਰਪੁਰ ਵਿੱਚ 1257 ਲਾਭਪਾਤਰੀਆਂ ਨੂੰ 6.41 ਕਰੋੜ ਰੁਪਏ ਦੀ ਮੰਜ਼ੂਰੀ

## ਚੱਬੇਵਾਲ ਵਿਧਾਨ ਸਭਾ ਖੇਤਰ ਦੇ 108 ਲਾਭਪਾਤਰੀਆਂ ਲਈ 55.08 ਲੱਖ ਰੁਪਏ ਦੀ ਸਹਾਇਤਾ ਰਾਸ਼ੀ ਮਨਜ਼ੂਰ

**ਹੁਸ਼ਿਆਰਪੁਰ, ( ਤਰਸੇਮ ਦੀਵਾਨਾ )** ਲੋਕ ਸਭਾ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਨੇ ਪੰਜਾਬ ਸਰਕਾਰ ਦੀ ਆਸ਼ੀਰਵਾਦ ਯੋਜਨਾ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਦੇ 1257 ਲਾਭਪਾਤਰੀਆਂ ਨੂੰ 6 ਕਰੋੜ 41 ਲੱਖ 7 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਮਨਜ਼ੂਰ ਹੋਣ 'ਤੇ ਵਧਾਈ ਦਿੱਤੀ। ਉਨ੍ਹਾਂ ਇਸ ਯੋਜਨਾ ਨੂੰ ਸਮਾਜਿਕ ਸੁਰੱਖਿਆ ਅਤੇ ਆਰਥਿਕ ਸਸ਼ਕਤੀਕਰਨ ਵੱਲ ਇੱਕ ਮਹੱਤਵਪੂਰਨ ਕਦਮ ਕਰਾਰ ਦਿੱਤਾ। ਚੱਬੇਵਾਲ ਵਿਧਾਨ ਸਭਾ ਖੇਤਰ ਦੇ 108 ਲਾਭਪਾਤਰੀਆਂ ਨੂੰ 55 ਲੱਖ 8 ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਮਨਜ਼ੂਰ ਕੀਤੀ ਗਈ ਹੈ। ਇਸ ਮੌਕੇ ਆਯੋਜਿਤ ਵਿਸ਼ੇਸ਼ ਸਮਾਰੋਹ ਵਿੱਚ ਲਾਭਪਾਤਰੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਅਤੇ ਪੰਜਾਬ ਸਰਕਾਰ ਪ੍ਰਤੀ ਆਪਣਾ ਧੰਨਵਾਦ ਪ੍ਰਗਟਾਇਆ। ਡਾ. ਚੱਬੇਵਾਲ ਨੇ ਕਿਹਾ ਕਿ ਆਸ਼ੀਰਵਾਦ ਯੋਜਨਾ ਸਮਾਜ ਦੇ ਕਮਜ਼ੋਰ ਵਰਗਾਂ, ਖ਼ਾਸ ਕਰਕੇ ਬੇਟੀਆਂ ਦੀ ਵਿਆਹ ਲਈ ਵਿੱਤੀ ਸਹਾਇਤਾ ਦੇ ਕੇ ਉਨ੍ਹਾਂ ਦੇ ਸਨਮਾਨ ਅਤੇ ਪਰਿਵਾਰ ਦੀ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰਦੀ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਮਾਜਿਕ



ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਦੀ ਸਰਾਹਣਾ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਜਨਹਿਤੈਸ਼ੀ ਨੀਤੀਆਂ ਤੋਂ ਸਮਾਜ ਦੇ ਹਰ ਵਰਗ ਨੂੰ ਲਾਭ ਮਿਲ ਰਿਹਾ ਹੈ। ਚੱਬੇਵਾਲ ਵਿਧਾਇਕ ਡਾ. ਈਸ਼ਾਂਕ ਨੇ ਆਪਣੇ ਸੰਦੇਸ਼ ਵਿੱਚ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਲੋਕ-ਕਲਿਆਣ ਲਈ ਠੋਸ ਅਤੇ ਪਾਰਦਰਸ਼ੀ ਕਦਮ ਚੁੱਕ ਰਹੀ ਹੈ। ਉਨ੍ਹਾਂ ਕਿਹਾ ਕਿ ਆਸ਼ੀਰਵਾਦ ਯੋਜਨਾ ਨਾ ਸਿਰਫ ਆਰਥਿਕ ਰਾਹਤ ਦਿੰਦੀ ਹੈ, ਸਗੋਂ ਸਮਾਜਿਕ ਸਮਾਨਤਾ ਨੂੰ ਵੀ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਚੱਬੇਵਾਲ ਖੇਤਰ ਵਿੱਚ ਹੱਕਦਾਰ ਪਰਿਵਾਰਾਂ ਦੀ ਸਮੇਂ ਸਿਰ ਪਛਾਣ ਕਰਕੇ ਮਦਦ ਪਹੁੰਚਾਉਣ ਨੂੰ ਆਪਣੀ ਤਰਜੀਹ ਦੱਸਦੇ ਹੋਏ ਕਿਹਾ ਕਿ ਸਰਕਾਰ ਦੀਆਂ ਪਾਰਦਰਸ਼ੀ ਨੀਤੀਆਂ ਕਾਰਨ ਯੋਜਨਾਵਾਂ ਦਾ ਲਾਭ ਹੁਣ ਜ਼ਮੀਨੀ ਪੱਧਰ ਤੱਕ ਪਹੁੰਚ ਰਿਹਾ ਹੈ।

ਕਾਰਜਕ੍ਰਮ ਵਿੱਚ ਮੌਜੂਦ ਲਾਭਪਾਤਰੀਆਂ ਨੇ ਇਸ ਰਾਸ਼ੀ ਨੂੰ ਬੇਟੀਆਂ ਦੇ ਵਿਆਹ ਦੇ ਖ਼ਰਚ ਵਿੱਚ ਵੱਡੀ ਰਾਹਤ ਦੱਸਿਆ। ਉਨ੍ਹਾਂ ਸਾਂਸਦ ਡਾ. ਚੱਬੇਵਾਲ, ਵਿਧਾਇਕ ਡਾ. ਈਸ਼ਾਂਕ ਅਤੇ ਪੰਜਾਬ ਸਰਕਾਰ ਦੇ ਉਨ੍ਹਾਂ ਉਪਰਾਲਿਆਂ ਦੀ ਸਰਾਹਣਾ ਕੀਤੀ, ਜਿਨ੍ਹਾਂ ਦੇ ਯਤਨਾਂ ਕਾਰਨ ਯੋਜਨਾਵਾਂ ਦਾ ਲਾਭ ਤੇਜ਼ੀ ਨਾਲ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਉਨ੍ਹਾਂ ਤੱਕ ਪਹੁੰਚ ਰਿਹਾ ਹੈ।

ਡਾ. ਚੱਬੇਵਾਲ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਭਵਿੱਖ ਵਿੱਚ ਵੀ ਹੱਕਦਾਰ ਲਾਭਪਾਤਰੀਆਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਸਮੇਂ 'ਤੇ ਸਹਾਇਤਾ ਰਾਸ਼ੀ ਦਿੱਤੀ ਜਾਵੇ, ਤਾਂ ਜੋ ਕੋਈ ਵੀ ਲੋੜਵੰਦ ਵਿਅਕਤੀ ਇਸ ਯੋਜਨਾ ਤੋਂ ਵੰਝਿਤ ਨਾ ਰਹਿ ਜਾਵੇ। ਉਨ੍ਹਾਂ ਭਰੋਸਾ ਜਤਾਇਆ ਕਿ ਇਹ ਯੋਜਨਾ ਸਮਾਜਿਕ ਸਸ਼ਕਤੀਕਰਨ ਦਾ ਇੱਕ ਮਜ਼ਬੂਤ ਅਧਾਰ ਬਣੇਗੀ।

# 'ਇਸ਼ਕ' ਸਾਗਰਿਕਾ ਨੇ ਬ੍ਰਹਮ ਪਿਆਰ ਦਾ ਰੰਗ ਜੋੜਿਆ

## ਅੰਮ੍ਰਿਤਮ ਡਿਵਾਈਨ ਵੈਲੀ ਵਿੱਚ ਇੱਕ ਅਲੌਕਿਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਸੰਗੀਤਾ ਮਿੱਤਲ ਨੇ ਵੀ ਲਿਆ ਹਿੱਸਾ



**ਹੁਸ਼ਿਆਰਪੁਰ (ਤਰਸੇਮ ਦੀਵਾਨਾ)** ਸੂਫੀ ਨਾਚ ਅਤੇ ਗਾਇਕੀ ਨਾਲ ਭਰਪੂਰ ਰਾਹ ਏ ਇਸ਼ਕ ਦਾ ਇੱਕ ਅਲੌਕਿਕ ਪ੍ਰੋਗਰਾਮ, ਪ੍ਰਸਿੱਧ ਮਿਸਟਿਕ ਸਾਊਂਡ ਹੀਲਰ ਅਤੇ ਜੋਤਸ਼ੀ ਇਸ਼ਕ-ਸਾਗਰਿਕਾ ਮਿੱਤਲ ਦੀ ਅਗਵਾਈ ਹੇਠ ਅੰਮ੍ਰਿਤਮ ਡਿਵਾਈਨ ਵੈਲੀ ਜਹਾਨ ਖੇਲਾਨ ਵਿੱਚ ਆਯੋਜਿਤ ਕੀਤਾ ਗਿਆ। ਪ੍ਰਮੁੱਖ ਅਧਿਆਤਮਿਕ ਮਾਰਗਦਰਸ਼ਕ ਅਤੇ ਅੰਮ੍ਰਿਤਮ ਵੈਲਨੈਸ ਰੀਟਰੀਟ ਦੀ ਸੰਸਥਾਪਕ ਸ਼੍ਰੀਮਤੀ ਸੰਗੀਤਾ ਮਿੱਤਲ ਨੇ ਵੀ ਅੰਦਰੂਨੀ ਸ਼ਾਂਤੀ ਅਤੇ ਅਧਿਆਤਮਿਕ ਊਰਜਾ ਨਾਲ ਭਰਪੂਰ ਇਸ ਸੂਫੀ ਸ਼ਾਮ ਵਿੱਚ ਹਿੱਸਾ ਲਿਆ। ਸਾਗਰਿਕਾ ਮਿੱਤਲ ਨੇ ਉਨ੍ਹਾਂ ਔਰਤਾਂ ਦੇ ਸਮੂਹ ਨੂੰ ਅਜਿਹੇ ਸੂਫੀ ਰੰਗ ਵਿੱਚ ਰੰਗਿਆ ਜੋ ਰਾਹ ਏ ਇਸ਼ਕ ਵਿੱਚ ਸੂਫੀ ਭਗਤੀ ਦੇ ਰੰਗ ਨਾਲ ਆਪਣੇ ਆਪ ਨੂੰ ਰੰਗਣਾ ਚਾਹੁੰਦੀਆਂ ਸਨ ਕਿ ਉਨ੍ਹਾਂ ਦਾ ਪਿਆਰ ਨੂੰ ਇੱਕ ਪਰਿਪੱਕ ਰੂਪ ਵਿੱਚ ਜਾਣਨ ਦਾ ਰਸਤਾ ਵੀ ਆਸਾਨ ਹੋ ਗਿਆ। ਉਸਨੇ ਹਾਜ਼ਰੀਨ ਨੂੰ ਭਗਤੀ ਅਤੇ ਸੂਫੀ ਮੋੜਾਂ ਰਾਹੀਂ ਬ੍ਰਹਮ ਪਿਆਰ ਦੀ ਪ੍ਰਾਪਤੀ ਲਈ ਵਿਲੱਖਣ ਧਿਆਨ ਨਾਲ ਪ੍ਰੇਰਿਤ ਕੀਤਾ। ਉਸਨੇ ਕਿਹਾ ਕਿ ਮਨੁੱਖੀ ਪਿਆਰ ਹਮੇਸ਼ਾ ਬਦਲਦਾ ਰਹਿੰਦਾ ਹੈ ਅਤੇ ਇਸ ਲਈ ਲਗਾਵ ਹਮੇਸ਼ਾ ਸਾਨੂੰ ਦੁਖੀ ਕਰਦੇ ਰਹਿਣਗੇ, ਪਰ ਜਿਵੇਂ ਕਿ ਰੂਮੀ ਨੇ ਕਿਹਾ, ਜ਼ਖ਼ਮ ਉਹ ਜਗ੍ਹਾ ਹਨ ਜਿੱਥੇ ਰੌਸ਼ਨੀ ਤੁਹਾਡੇ ਵਿੱਚ ਪ੍ਰਵੇਸ਼ ਕਰਦੀ ਹੈ, ਇਹਨਾਂ ਤੋਂ ਟਾਲਣਾ ਨਹੀਂ ਚਾਹੀਦਾ ਸਗੋਂ ਜੀਵਨ ਦੀ ਯਾਤਰਾ ਦੇ ਹਿੱਸੇ ਵਜੋਂ ਸਮਝਣਾ ਚਾਹੀਦਾ ਹੈ, ਜਿੱਥੇ ਅੰਤਮ ਟੀਚਾ ਉਸ ਨਾਲ ਪਿਆਰ ਕਰਨਾ ਹੈ ਜਿਸਨੇ ਸਾਨੂੰ ਬਣਾਇਆ ਹੈ।ਇਸ਼ਕ - ਸਾਗਰਿਕਾ ਨੇ ਕਿਹਾ ਕਿ ਸਾਡਾ ਹਉਮੈ "ਨਫ਼ਸ" ਸਾਨੂੰ ਜੀਵਨ ਦੀ ਸੱਚਾਈ ਨੂੰ ਜਾਣਨ ਤੋਂ ਰੋਕਦਾ ਹੈ। ਅਸੀਂ ਗ੍ਰਹਿ 'ਤੇ ਸਮਾਂ ਬਰਬਾਦ ਕਰਦੇ ਹਾਂ, ਚੀਜ਼ਾਂ ਅਤੇ ਪ੍ਰਸੰਸਾ ਪੱਤਰ ਇਕੱਠੇ ਕਰਦੇ ਹਾਂ, ਸਿਰਫ ਉਨ੍ਹਾਂ ਨੂੰ ਪਿੱਛੇ ਛੱਡਣ ਲਈ। ਅਸੀਂ ਸੋਚਦੇ ਹਾਂ ਕਿ ਇੱਕੋ ਇੱਕ ਜੀਵਨ ਜੋ ਸਾਨੂੰ ਖੁਸ਼ੀ ਦੇ ਸਕਦਾ ਹੈ ਉਹ ਹੈ ਜਿਸ ਵਿੱਚ ਅਸੀਂ ਭੌਤਿਕ ਸੰਪਤੀਆਂ ਬਣਾਉਂਦੇ ਹਾਂ ਜਾਂ ਆਪਣੇ ਸੰਬੰਧਾਂ ਰਾਹੀਂ ਖੁਸ਼ੀ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਹਰ ਚੀਜ਼ ਹਮੇਸ਼ਾ ਬਦਲਦੀ ਅਤੇ ਅਸਥਾਈ ਹੁੰਦੀ ਹੈ। ਅਸੀਂ ਸਦੀਵੀ ਅਨੰਦ ਵਿੱਚ ਉਦੋਂ ਹੀ ਰਹਿ ਸਕਦੇ ਹਾਂ ਜਦੋਂ ਅਸੀਂ ਸਦੀਵੀ ਸੱਚ ਵਿੱਚ ਵਿਸ਼ਵਾਸ ਰੱਖਦੇ ਹਾਂ ਜੋ ਕਿ ਪਰਮਾਤਮਾ ਹੈ। ਹਰ ਆਤਮਾ ਦਾ ਸੱਚਾ ਟੀਚਾ "ਰੱਬ" ਦੀ ਪ੍ਰਾਪਤੀ ਹੈ, ਬਾਕੀ ਸਭ ਕੁਝ ਜੀਵਨ ਦੀ ਯਾਤਰਾ ਦਾ ਹਿੱਸਾ ਹੈ। ਸਾਨੂੰ ਆਪਣੀਆਂ ਭੂਮਿਕਾਵਾਂ ਨਿਭਾਉਂਦੇ ਹੋਏ ਕਰਮ ਨਾਲ ਜੁੜਿਆ ਨਹੀਂ ਰਹਿਣਾ ਚਾਹੀਦਾ, ਸਗੋਂ ਸਵੈ-ਅਨੁਭਵ ਦੇ ਅੰਤਮ ਟੀਚੇ ਲਈ ਸਮਰਪਿਤ ਹੋਣਾ ਚਾਹੀਦਾ ਹੈ।ਉਸਨੇ ਪਿਆਰ ਦੇ ਮਾਰਗ 'ਤੇ ਸੂਫ਼ੀ ਜਾਗਰਣ ਦੇ ਪੜਾਵਾਂ, ਇਸ਼ਕ ਦੇ ਪੜਾਵਾਂ ਬਾਰੇ ਵੀ ਗੱਲ ਕੀਤੀ। ਪਰਮਾਤਮਾ ਨੂੰ ਜਾਣਨ ਦੀ ਤਾਂਘ ਤੋਂ ਲੈ ਕੇ ਹਉਮੈ ਦੇ ਸੰਪੂਰਨ ਵਿਨਾਸ਼ ਦੇ ਪੜਾਅ ਤੱਕ, ਅਤੇ ਅੰਤ ਵਿੱਚ ਬ੍ਰਹਮ ਪਿਆਰ ਦੇ ਸਮੁੰਦਰ ਵਿੱਚ ਅਭੇਦ ਹੋਣ ਤੱਕ, ਇਸ਼ਕ ਨੇ ਸਾਰੇ ਭਾਗੀਦਾਰਾਂ ਨੂੰ ਇੱਕ ਡੂੰਘੇ ਦਿਲ ਨੂੰ ਛੂਹਣ ਵਾਲੇ ਅਤੇ ਦਿਲ ਨੂੰ ਖੋਲ੍ਹਣ ਵਾਲੇ ਅਨੁਭਵ ਰਾਹੀਂ ਹੈਰਾਨੀ ਦੀ ਯਾਤਰਾ 'ਤੇ ਲੈ ਗਿਆ। ਭਾਗੀਦਾਰਾਂ ਨੇ ਸੂਫ਼ੀਨਾਇਆ ਕਵਿਤਾ ਦੇ ਪਾਠਾਂ ਅਤੇ ਗੀਤਾਂ ਦੇ ਰੂਹਾਨੀ ਝੂਮਣ ਦੇ ਰੂਹ ਨੂੰ ਛੂਹਣ ਵਾਲੇ ਭਗਤੀ ਪਲਾਂ ਵਿੱਚ ਅਨੰਦ ਮਾਣਿਆ।

**ਫੋਟੋ ਅਜਮੇਰ ਦੀਵਾਨਾ**

# ਨੌਜਵਾਨ ਨੇ ਫ਼ਲਦਾਰ ਰੁੱਖ ਲਗਾ ਕੇ ਅਪਣਾ ਜਨਮ ਦਿਨ ਮਨਾਇਆ

## ਚੌਗਿਰਦੇ ਅਤੇ ਵਾਤਾਵਰਨ ਨੂੰ ਸਾਂਭਣਾ ਸਾਡਾ ਫਰਜ - ਲਿਵਜੋਤ



**ਬਰਨਾਲਾ (ਚੰਡਿਹੋਕ )** - - ਇੱਥੋਂ ਥੋੜ੍ਹੀ ਦੂਰ ਪੈਂਦੇ ਪਿੰਡ ਸ਼ੇਰ ਸਿੰਘ ਪੁਰਾ (ਨਾਈਵਾਲਾ) ਦੇ ਨੌਜੁਆਨ ਅਤੇ ਉੱਘੇ ਸਾਹਿਤਕਾਰ ਮਾਲਵਿੰਦਰ ਸ਼ਾਇਰ ਦੇ ਪੁੱਤਰ ਲਿਵਜੋਤ ਸਿੰਘ ਬਰਾੜ ਨੇ ਆਪਣੀ ਚਲਦੀ ਪੁਰਾਣੀ ਪਿਰਤ ਵਾਂਗ ਇਸ ਵਾਰ ਵੀ ਜਨਮ ਦਿਨ ਸੰਗਤਾਂ ਨੂੰ ਭੋਜਨ ਛਕਾ ਕੇ ਅਤੇ ਫ਼ਲਦਾਰ ਰੁੱਖ ਲਗਾ ਕੇ ਮਨਾਇਆ। ਉਹ ਆਪਣੇ ਸ਼ਾਇਰ ਪਿਤਾ ਮਾਲਵਿੰਦਰ,ਮਾਤਾ ਲਖਵਿੰਦਰ ਕੌਰ ਅਤੇ ਸ਼ਾਇਰਾ ਭੈਣ ਮਿਸ ਸਿਮਰਜੀਤ ਕੌਰ ਬਰਾੜ ਵਾਂਗ ਵਾਤਾਵਰਨ ਪ੍ਰੇਮੀ ਅਤੇ ਸਮਾਜਿਕ ਬੁਰਾਈਆਂ ਖਿਲਾਫ਼ ਜਾਗਰੂਕ ਨੌਜੁਆਨ ਹੈ ਜਿਸਨੇ ਹੁਣ ਇਸ ਮੌਸਮ ਵਿੱਚ ਇੱਕ ਸੌ ਰੁੱਖ ਲਗਾਉਣ ਦਾ ਬੀੜਾ ਚੁੱਕਿਆ ਹੈ। ਉਹ ਕਹਿੰਦਾ ਹੈ ਕਿ ਹੁਣ ਪੌਦੇ ਲਗਾਉਣ ਲਈ ਢੁਕਵਾਂ ਮੌਸਮ ਹੈ। ਉਸਨੇ ਕਿਹਾ ਕਿ ਸਾਡੇ ਵਾਤਾਵਰਨ ਅਤੇ ਚੌਗਿਰਦੇ ਨੂੰ ਸਾਂਭਣਾ ਸਾਡਾ ਨੈਤਿਕ ਫਰਜ਼ ਬਣਦਾ ਹੈ ਅਤੇ ਸਾਨੂੰ ਇਸਦੀ ਸਾਂਭ-ਸੰਭਾਲ ਲਈ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ। ਉਸਨੂੰ ਵਾਤਾਵਰਨ ਪ੍ਰੇਮੀ ਮਹਿੰਦਰ ਸਿੰਘ ਰਾਹੀ, ਸੰਦੀਪ ਧੌਲਾ, ਤੇਜਿੰਦਰ ਚੰਡਿਹੋਕ, ਕੁਲਰੌਨਕ , ਜਪਿੰਦਰ ਸਿੰਘ , ਜੈਸਮੀਨ ਕੌਰ, ਡਾਕਟਰ ਹਰਿਭਗਵਾਨ,ਤੇਜਾ ਸਿੰਘ ਤਿਲਕ, ਡਾ ਭੁਪਿੰਦਰ ਸਿੰਘ ਬੇਦੀ, ਜਗਤਾਰ ਜਜ਼ੀਰਾ,ਡਾ ਸੰਪੂਰਨ ਸਿੰਘ ਟੱਲੇਵਾਲੀਆ ਤੋਂ ਇਲਾਵਾ ਹੋਰ ਸਾਹਿਤਕਾਰਾਂ ਅਤੇ ਵਾਤਾਵਰਨ ਪ੍ਰੇਮੀਆਂ ਨੇ ਜਨਮ ਦਿਨ ਦੀ ਵਧਾਈ ਦਿੰਦਿਆਂ ਉਸ ਵੱਲੋਂ ਵਿੱਢੇ ਇਸ ਕਾਰਜ ਦੀ ਸ਼ਲਾਘਾ ਕੀਤੀ।

for more news visit:
www.samajweekly.com

# ਪ੍ਰਸ਼ਾਸ਼ਕ ਹੀ ਰੱਬ

ਰਾਤੀਂ ਮੈਨੂੰ ਰੱਬ ਮਿਲ ਗਿਆ ,
ਸੁਪਨੇ ਦੇ ਵਿੱਚ ਆ ਕੇ ।
ਪੈਰਾਂ ਵਿੱਚ ਬਿਠਾ ਲਿਆ ਸੀ ਮੈਂ ,
ਗਲ਼ ਵਿੱਚ ਸਾਫ਼ਾ ਪਾ ਕੇ ।
ਮੈਂ ਪੁੱਛਿਆ ਇੱਕਨਾਂ ਨੂੰ ਗੱਫੇ ,
ਇੱਕ ਰੋਟੀ ਨੂੰ ਤਰਸਣ ;
ਉਹ ਕਹਿੰਦਾ ਪ੍ਰਸ਼ਾਸਨ ਕਰਦੈ,
ਅੱਖਾਂ 'ਚ ਘੱਟਾ ਪਾ ਕੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

# ਕਵਿਤਾ

ਨਾ ਕਰਮ ਦੀ ਗੱਲ ਕਰਦਾ,
ਨਾ ਮੈਂ ਧਰਮ ਦੀ ਗੱਲ ਕਰਦਾ,
ਬਸ ਇਨਸਾਨ ਹਾਂ,
ਇਨਸਾਨੀਅਤ ਦੀ ਗੱਲ ਕਰਦਾ।
ਨਾ ਮੈਂ ਕਰਮ ਦੀ....
ਠੰਡ ਵਿੱਚ ਠੁਰ ਠੁਰ ਕਰਦੇ,
ਨੰਗੇ ਪਿੰਡੇ ਨੰਗੇ ਪੈਰੀਂ ਬੱਚੇ ਨੂੰ ਦੇਖ,
ਮੱਖਮਲੀ ਗੱਦੇ ਵਿੱਚ ਲਿੱਪਟੇ ਰੱਬ ਦੀ ਗੱਲ ਕਰਦਾ।
ਨਾ ਮੈਂ ਕਰਮ ਦੀ....
ਤੱਪਦੀ ਧਰਤੀ, ਜੇਠ ਹਾੜ ਦੀ ਦੁਪਹਿਰ,
ਰੋੜੀ ਕੁੱਟਦੇ ਇਨਸਾਨ ਦੀ ਗੱਲ ਕਰਦਾ,
ਤੂੰ ਏ. ਸੀ. ਘਰ ਵਿੱਚ ਬੈਠ ਕੇ ਦੇਖਦਾ,
ਮੈਂ ਤੇਰੇ ਰਹਿਮ ਦੀ ਗੱਲ ਕਰਦਾ।
ਨਾ ਮੈਂ ਕਰਮ ਦੀ....
ਪੁਰਾਣੇ ਗ੍ਰੰਥ ਤੇ ਮਹਿੰਗੇ ਕਥਾ ਵਾਚਿਕ,
ਸਾਦੀ ਜਿੰਦਗੀ ਦੀ ਸਿੱਖਿਆ,
ਮਹਿੰਗੀ ਗੱਡੀਆਂ ਵਿੱਚ ਘੁੰਮਣ ਵਾਲਿਆਂ ਦੀ ਗੱਲ ਕਰਦਾ।
ਨਾ ਮੈਂ ਕਰਮ ਦੀ....
ਅਮੀਰ ਗੁਰੂ ਤੇ ਗਰੀਬ ਚੇਲੇ,
ਪੈਸਾ ਨਾਲ ਨਹੀਂ ਜਾਣਾ,
ਪੈਸਾ ਨਾਗਣੀ ਦਾ ਹੋਕਾ ਦੇ ਕੇ,
ਬੈਗ ਭਰ ਕੇ ਨਾਲ ਲਿਜਾਣ ਵਾਲਿਆਂ ਦੀ ਗੱਲ ਕਰਦਾ।
ਨਾ ਮੈਂ ਕਰਮ ਦੀ.....
ਲੋਕਾਂ ਦੀਆਂ ਝੱਲ ਬਲੱਲੀਆਂ ਦਾ ਜਿਕਰ ਕਰਨਾ,
ਹਰੀ*ਦੀ ਨਸੀਅਤ ਦਾ ਮਜ਼ਾਕ ਉਡਾਣ ਦੀ ਗੱਲ ਕਰਦਾ।
ਨਾ ਮੈਂ ਕਰਮ ਦੀ ਗੱਲ ਕਰਦਾ, ਨਾ ਧਰਮ ਦੀ ਗੱਲ ਕਰਦਾ।



**ਹਰੀ ਕ੍ਰਿਸ਼ਨ ਬੰਗਾ**
ਜਨਰਲ ਸੈਕਟਰੀ
ਆਦਰਸ਼ ਸੋਸ਼ਲ ਵੈਲਫ਼ੇਅਰ
ਸੋਸਾਇਟੀ ਪੰਜਾਬ
ਰਜਿ.ਪੱਤਰਕਾਰ ਚਰਨਜੀਤ
ਸੱਲ੍ਹਾਂ

# ਬੱਸ ਏਦਾਂ ਹੀ

ਹੈ ਵਿਥਿਆ ਟੁੱਟੇ ਤਾਰਿਆਂ ਦੀ,
ਕੁਝ ਚਰਖੜੀਆਂ ਤੇ ਆਰਿਆਂ ਦੀ।
ਕੁਝ ਭੁੱਖ ਨਾਲ਼ ਲੜੇ ਵਿਚਾਰਿਆਂ ਦੀ,
ਮੇਰੀ, ਉਸ ਦੀ ਤੇ ਸਾਰਿਆਂ ਦੀ।

ਕੁਝ ਜਾਂਗਲੀਆਂ ਦੇ ਗੀਤ ਬਣੇ,
ਕੁਝ ਭੀਲਣੀਆਂ ਦੇ ਭੀਲ ਬਣੇ।
ਕੁਝ ਫੁੱਲ ਬਣੇ, ਕੁਝ ਰੰਗ ਬਣੇ,
ਕੁਝ ਰੇਸ਼ਮ, ਪੱਟ, ਸ਼ਨੀਲ ਬਣੇ।

ਕੁਝ ਛਾਂ ਬਣ ਗਏ, ਕੁਝ ਧੁੱਪ ਬਣੇ,
ਤਪ-ਤਪ ਕੇ ਠੰਡੇ-ਠਾਰ ਬਣੇ।
ਕੁਝ ਵੇਲਾਂ ਤੇ ਕੁਝ ਰੁੱਖ ਬਣੇ,
ਸਰਹੱਦਾਂ ਦੇ ਵਿਚਕਾਰ ਬਣੇ।

ਕੁਝ ਪੌਣਾਂ ਦੇ ਵਿੱਚ ਘੁਲ਼-ਮਿਲ਼ ਗਏ,
ਕੁਝ ਸ਼ੀਸ਼ੇ ਬਣੇ ਮਹੱਲਾਂ ਦੇ।
ਕੁਝ ਗੀਤਾ, ਗ੍ਰੰਥ, ਕੁਰਾਨ ਬਣੇ,
ਕੁਝ ਅਰਥ ਡੂੰਘੀਆਂ ਗੱਲਾਂ ਦੇ।

ਕੁਝ ਤਕੀਏ ਜਗਦੇ ਦੀਵੇ ਨੇ,
ਕੁਝ ਵ੍ਰਿੰਦਾਵਨ ਦੇ ਮੋਰ ਬਣੇ।
ਕੁਝ ਚੁੱਪ ਬਣੇ ਮਹਾਂਸਾਗਰ ਦੀ,
ਕੁਝ ਮਹਾਂਨਗਰ ਦਾ ਸ਼ੋਰ ਬਣੇ।

ਕੁਝ ਲੱਭਣ ਤੁਰ ਗਏ ਰਾਂਝੇ ਨੂੰ,
ਕੁਝ ਸਖੀਆਂ ਤੇ ਕੁਝ ਹੀਰ ਬਣੇ।
ਕੁਝ ਡੁੱਲ੍ਹ ਗਏ ਵਿੱਚ ਗੰਗਾ ਦੇ,
ਕੁਝ ਜਮਨਾ ਵਿਚਲਾ ਨੀਰ ਬਣੇ।

ਕੁਝ ਪੋਹ, ਮੱਘਰ ਦੀ ਸੀਤ ਬਣੇ,
ਕੁਝ ਜੇਠ ਬਣੇ, ਕੁਝ ਹਾੜ੍ਹ ਬਣੇ।
ਕੁਝ ਮੈਖ਼ਾਨੇ ਜਾ ਜਾਮ ਬਣੇ,
ਕੁਝ ਜੰਗਲ਼, ਸ਼ਹਿਰ, ਉਜਾੜ ਬਣੇ।

ਕੁਝ ਚਿੜੀਆਂ ਵਾਲ਼ੀ ਡਾਰ ਬਣੇ,
ਕੁਝ ਜ਼ੇਰ, ਜ਼ਬਰ ਤੇ ਪੇਸ਼ ਬਣੇ।
ਕੁਝ ਜਾ ਇਬਲੀਸ ਦੇ ਲੜ ਲੱਗੇ,
ਕੁਝ ਪੀਰ ਬਣੇ, ਦਰਵੇਸ਼ ਬਣੇ।

ਕੁਝ ਟੋਟੇ ਬਣ ਗਏ ਵੰਗਾਂ ਦੇ,
ਕੁਝ ਮੱਥੇ ਦਾ ਸ਼ਿੰਗਾਰ ਬਣੇ।
ਕੁਝ ਕਲੀਆਂ ਬਣ ਕੇ ਖਿੜਨ ਪਏ,
ਕੁਝ ਥੋਹਰਾਂ ਵਿਚਲੇ ਖ਼ਾਰ ਬਣੇ।

ਕੁਝ ਵਰਕੇ ਬਣੇ ਕਿਤਾਬਾਂ ਦੇ,
ਕੁਝ ਚੀਕ-ਚੀਕ ਸਮਝਾਉਣ ਲੱਗੇ।
ਮੇਰੀ ਕਲਮ ਨੂੰ ਮੱਤਾਂ ਦੇ-ਦੇ ਕੇ,
ਕਾਗ਼ਜ 'ਤੇ ਰੌਲ਼ਾ ਪਾਉਣ ਲੱਗੇ।

ਕੁਝ ਨੂਰਜਹਾਂ ਦੀ ਹੇਕ ਬਣੇ,
ਕੁਝ ਮਜ਼ਲੂਮਾਂ ਦੀ ਹੂਕ ਬਣੇ।
ਕੁਝ ਯੋਧੇ, ਵੀਰ ਤੇ ਸ਼ੇਰ ਬਣੇ,
ਕੁਝ ਸ਼ਾਇਰ ਜਮਾ ਮਲੂਕ ਬਣੇ।

ਬੱਸ ਏਦਾਂ ਹੀ ਕਿੱਸੇ, ਕਾਵਿ ਬਣੇ,
ਲੋਰੀ, ਘੋੜੀ ਤੇ ਵੈਣ ਬਣੇ।
ਬੱਸ ਏਦਾਂ ਹੀ ਦੁਨੀਆ ਚੱਲਦੀ ਰਹੇ,
ਤੇ ਏਦਾਂ ਹੀ ਸਾਰੇ ਰਹਿਣ ਬਣੇ।



**ਰਿਤੂ ਵਾਸੂਦੇਵ**

# ਮਾਂ ਬੋਲੀ ਦਾ ਇਸ਼ਕ

ਆਓ ਇਸ਼ਕ ਮਾਂ ਬੋਲੀ ਪੰਜਾਬੀ ਦਾ ਹੱਡੀ ਰਚਾ ਲਈਏ
ਸ਼ਿਕਵੇ ਆਪਣਿਆਂ ਦੇ ਛੱਡ ਵੈਰੀ ਤੋਂ ਹੋਂਦ ਬਚਾ ਲਈਏ।
ਆਓ ਰਲ ਪੰਜਾਬ,ਪੰਜਾਬੀ ਤੇ ਪੰਜਾਬੀਅਤ ਦਾ ਦਮ ਭਰੀਏ
ਛੱਡ ਲੱਚਰਤਾ, ਸੱਭਿਆਚਾਰ ਦੇ ਵਸੇਵੇ ਲਈ ਕੰਮ ਕਰੀਏ॥
ਜਿਉਣਾਂ ਝੂਠ ਤੇ ਮਰਨਾ ਸੱਚ ਨੂੰ ਦਿੱਲੀਂ ਪੱਕੇ ਤੌਰ ਤੇ ਵਸਾਈਏ
ਦੁਨੀਆਂ ਤੋਂ ਰੁਖ਼ਸਤੀ ਤੋਂ ਪਹਿਲਾਂ ਮਾਂ ਬੋਲੀ ਦੀ ਸੇਵਾ ਕਮਾਈਏ।
ਆਪਸੀ ਫੁੱਟ ਨੂੰ ਵੇਖ ਨਿਰਭੈ ਹੋ ਚੜ੍ਹ ਕੇ ਆਉਣਗੇ ਵੈਰੀ
ਅਪਣਤ ਦੀ ਪੁੱਠ ਚਾੜ੍ਹ ਪਿੱਠ ਤੇ ਮਾਰਨਗੇ ਖੰਜਰ ਜ਼ਹਿਰੀ
ਆਪਣੇ ਰੋਸੇ,ਗਿਲੇ, ਝਗੜੇ ਤੇ ਝਮੇਲੇ ਕਰ ਦਿਓ ਅਣਡਿੱਠ
ਮਾਂ ਬੋਲੀ ਤੋਂ ਕਮਾ ਜ਼ੋ ਧ੍ਰੋਹ ਕਮਾਉਂਦੇ ਦੋਗਲੇ ਪਹਿਲਾਂ ਲਓ ਉਹ ਨਜਿੱਠ।
ਹੁਣ ਚੁੱਪ ਰਹਿ ਕੇ ਸ਼ਰੀਕਾਂ ਦੀ ਬੁੱਕਲ ਬਹਿ ਕੇ ਨਹੀਂ ਜੇ ਸਰਨਾ
ਇਸ਼ਕ ਮਜਾਜ਼ੀ ਤਿਆਗ ਇਸ਼ਕ ਹਕੀਕੀ ਲਈ ਕੱਚਿਆਂ ਤੇ ਪੈਣਾ ਤਰਨਾ॥
ਬੁੱਲੇ ,ਵਾਰਸ ,ਪੀਲੂ, ਦਮੋਦਰ ਵਾਂਗ ਮਾਂ ਬੋਲੀ ਦੇ ਬਣੋ ਰਾਖੇ
ਕਲਮਾਂ ਤੁਹਾਡੀਆਂ ਦੀ ਰੌਸ਼ਨੀਆਂ ਮੂਹਰੇ ਲੱਗਣ ਸ਼ਮਾਦਾਨ ਧੁਆਂਖੇ।
ਨਿਮਾਣਾ ਸੁਰਿੰਦਰ ਹੋਂਦ ਦੀ ਲੜ੍ਹਾਈ ਦਾ ਨਗਾਰਾ ਵਜਾ ਰਿਹਾ
ਮਾਂ ਬੋਲੀ ਦਾ ਪੁੱਤਰ ਹੋਣ ਦਾ ਸ਼ਬਦਾਂ ਰਾਹੀਂ ਫਰਜ ਨਿਭਾ ਰਿਹਾ॥



**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**

# ਜਨਮਦਿਨ ਮੁਬਾਰਕ



**ਅਮਨਦੀਪ ਸਿੰਘ ਬਖੋਪੀਰ**
**ਨੂੰ ਜਨਮ ਦੀਆਂ ਹਾਰਦਿਕ ਸ਼ੁਭਕਾਮਨਾਵਾਂ**

# ਐਮਾ ਜੱਟਾਂ ਤੋਂ ਪੁਠਲਾਵੇ ਨੂੰ ਜਾਣ ਵਾਲੀ ਸੜਕ ਬਣਾਉਣ ਲਈ ਚੇਅਰਮੈਨ ਸੈਣੀ ਨੂੰ ਦਿੱਤਾ ਮੰਗ ਪੱਤਰ

**ਗੜ੍ਹਸ਼ੰਕਰ (ਬਲਵੀਰ ਚੌਪੜਾ)** ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਕੁਲਵਰਨ ਰਾਮ ਜੱਸਾ ਐਮਾ ਜੱਟਾਂ ਕੀਤੀ ਅਗਵਾਈ ਵਿੱਚ ਪਿੰਡ ਐਮਾ ਜੱਟਾਂ ਪਠਲਾਵਾ ਅਤੇ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੇ ਮਾਰਕੀਟ ਕਮੇਟੀ ਗੜ੍ਹਸ਼ੰਕਰ ਦੇ ਚੇਅਰਮੈਨ ਸ. ਬਲਦੀਪ ਸਿੰਘ ਸੈਣੀ ਦੇ ਦਫ਼ਤਰ ਵਿੱਚ ਮੁਲਾਕਾਤ ਕੀਤੀ ਉਹਨਾਂ ਨੇ ਐਮਾ ਜੱਟਾਂ ਤੋਂ ਪੁਠਲਾਵੇ ਨੂੰ ਜਾਣ ਵਾਲੀ ਸੜਕ ਬਣਾਉਣ ਦੀ ਮੰਗ ਕੀਤੀਙ ਇਸ ਮੌਕੇ ਸਰਪੰਚ ਮਨਜੀਤ ਸਿੰਘ, ਬਲਵੀਰ ਸਿੰਘ ਢਿੱਲੋ, ਸਾਬਕਾ ਸਰਪੰਚ ਪਠਲਾਵਾ ਕੁਲਦੀਪ ਸਿੰਘ, ਸੁਰਿੰਦਰ ਸਿੰਘ, ਦਵਿੰਦਰ ਸਿੰਘ, ਜਸਪਾਲ ਰਲ, ਪੰਨੂ ਐਮਾ ਜੱਟਾਂ ਆਸ-ਪਾਸ ਦੇ ਪਿੰਡਾਂ ਦੇ ਲੋਕ ਹਾਜ਼ਰ ਸਨ। ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਜੱਸਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਤੋਂ ਵਿਧਾਇਕ ਅਤੇ ਪੰਜਾਬ ਵਿਧਾਨ ਸਭਾ ਦੇ



ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਦੀ ਅਗਵਾਈ ਵਿੱਚ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦਾ ਵਿਕਾਸ ਤੇਜੀ ਨਾਲ ਹੋ ਰਿਹਾ ਹੈਙ ਇਸ ਮੌਕੇ ਮਾਰਕੀਟ ਕਮੇਟੀ ਗੜ੍ਹਸ਼ੰਕਰ ਦੇ ਚੇਅਰਮੈਨ ਬਲਦੀਪ ਸਿੰਘ ਸੈਣੀ ਨੇ ਦੱਸਿਆ ਕੀ ਗੜ੍ਹਸ਼ੰਕਰ ਮਾਰਕੀਟ ਕਮੇਟੀ ਵਿੱਚ ਜਿੰਨੀਆਂ ਵੀ ਸੜਕਾਂ ਹੁੰਦੀਆਂ ਉਹ ਜਲਦੀ ਬਣਾ ਦਿੱਤੀਆਂ ਜਾਣਗੀਆਂ ਉਹਨਾਂ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਜਿੱਥੇ ਪੂਰੇ ਪੰਜਾਬ ਦਾ ਵਿਕਾਸ ਹੋ ਰਿਹਾ ਹੈ। ਉੱਥੇ ਹੀ ਮਾਰਕੀਟ ਕਮੇਟੀ ਗੜ੍ਹਸ਼ੰਕਰ ਵਿੱਚ ਜੋ ਵੀ ਕੰਮ ਰਹਿੰਦੇ ਹਨ ਉਹ ਜਲਦੀ ਪੂਰੇ ਕੀਤੇ ਜਾਣਗੇ ਇਸ ਮੌਕੇ ਆਪ ਆਗੂ ਤਰੁਣ ਅਰੋੜਾ ਪੰਜਾਬ ਪ੍ਰਧਾਨ ਅਰੋੜਾ ਮਹਾ ਸਭਾ ਯੂਥ ਵੀ ਹਾਜ਼ਰ ਸਨ।

# ਸਵੇਰੇ 7 ਤੋਂ ਰਾਤ 9 ਵਜੇ ਤੱਕ ਨਵਾਂਸ਼ਹਿਰ ਵਿਚੋਂ ਓਵਰਲੋਡਡ ਹੈਵੀ ਵਾਹਨਾਂ ਦੇ ਦਾਖ਼ਲੇ 'ਤੇ ਪਾਬੰਦੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸ਼ਹਿਰ ਨਵਾਂਸ਼ਹਿਰ ਵਿਚੋਂ ਸਵੇਰੇ 7 ਵਜੇ ਤੋਂ ਰਾਤ 9 ਵਜੇ ਤੱਕ ਓਵਰਲੋਡਡ ਹੈਵੀ ਵਾਹਨਾਂ (ਬੱਜਰੀ, ਸੀਮਿੰਟ, ਰੇਤ, ਮਿੱਟੀ, ਸਰੀਆ, ਓਵਰਲੋਡਡ ਤੂੜੀ/ਫੱਕ ਵਾਲੀਆਂ ਟਰਾਲੀਆਂ/ਟਰੱਕ, ਕਮਰਸ਼ੀਅਲ ਤੌਰ 'ਤੇ ਜਾਣ ਵਾਲਾ ਸਾਮਾਨ ਆਦਿ) ਨੂੰ ਲੰਘਣ/ਦਾਖ਼ਲ ਹੋਣ 'ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਹੈ ਕਿ ਜ਼ਿਲ੍ਹੇ ਵਿਚੋਂ ਗੜ੍ਹਸ਼ੰਕਰ-ਨਵਾਂਸ਼ਹਿਰ ਰੋਡ ਤੋਂ ਰੋਜ਼ਾਨਾ ਦਿਨ ਅਤੇ ਰਾਤ ਸਮੇਂ ਓਵਰਲੋਡਡ ਵਾਹਨਾਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਹੈ, ਜਿਸ ਕਾਰਨ ਸਵੇਰ ਸਮੇਂ ਸਕੂਲ ਜਾ ਰਹੇ ਬੱਚਿਆਂ ਅਤੇ ਦਫ਼ਤਰ ਜਾ ਰਹੇ ਮੁਲਾਜ਼ਮਾਂ/ਆਮ ਵਿਅਕਤੀਆਂ ਨੂੰ ਕਾਫ਼ੀ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਰੋਜ਼ਾਨਾ ਕੋਈ ਨਾ ਕੋਈ ਵੱਡਾ ਹਾਦਸਾ ਵਾਪਰ ਜਾਂਦਾ ਹੈ। ਜਿਸ ਨਾਲ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ ਅਤੇ ਟ੍ਰੈਫਿਕ ਸਮੱਸਿਆ ਬਣੀ ਰਹਿੰਦੀ ਹੈ। ਇਸ ਲਈ ਰੋਜ਼ਾਨਾ ਵਾਪਰਨ ਵਾਲੇ ਹਾਦਸਿਆਂ ਨੂੰ ਰੋਕਣ ਲਈ, ਪਬਲਿਕ ਦੇ ਜਾਨ ਤੇ ਮਾਲ ਨੂੰ ਨੁਕਸਾਨ ਤੋਂ ਬਚਾਉਣ ਅਤੇ ਸ਼ਹਿਰ ਵਿਚ ਟ੍ਰੈਫਿਕ ਨਿਰਵਿਘਨ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਉਕਤ ਹੁਕਮ ਲਾਗੂ ਕੀਤਾ ਗਿਆ ਹੈ। ਇਹ ਹੁਕਮ 8 ਜਨਵਰੀ 2026 ਤੱਕ ਲਾਗੂ ਰਹੇਗਾ।

# 84 ਯਾਤਰੀਆਂ ਦਾ ਜਥਾ ਸ਼੍ਰੀ ਅਮਰਨਾਥ ਯਾਤਰਾ ਲਈ ਹੋਇਆ ਰਵਾਨਾ - ਲਾਇਨ ਅਸ਼ੋਕ ਸੰਧੂ ਨੰਬਰਦਾਰ

**ਲਗਾਤਾਰ 20 ਸਾਲਾਂ ਤੋਂ ਸ਼੍ਰੀ ਅਮਰਨਾਥ ਯਾਤਰਾ ਸੇਵਾਵਾਂ ਜਾਰੀ ਰਹਿਣਾ ਭੋਲੇ ਨਾਥ ਜੀ ਦੀ ਅਸੀਮ ਕਿਰਪਾ - ਲਾਇਨ ਓ.ਪੀ ਕੁੰਦੀ**

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਪਰਿਵਾਰਿਕ ਮਾਹੌਲ ਅਤੇ ਅਨੁਸ਼ਾਸਿਤ ਸਲੀਕੇ ਨਾਲ ਹਰ ਸਾਲ ਅਮਰਨਾਥ ਯਾਤਰਾ ਕਰਵਾਉਣ ਵਾਲੀ ਇਲਾਕੇ ਦੀ ਇੱਕ ਮਾਤਰ ਸੰਸਥਾ ਜੈ ਸ਼ਿਵ ਸ਼ਕਤੀ ਸੇਵਾ ਮੰਡਲ ਨੂਰਮਹਿਲ ਦੇ ਪ੍ਰਧਾਨ ਲਾਇਨ ਅਸ਼ੋਕ ਬਬਿਤਾ ਸੰਧੂ ਨੰਬਰਦਾਰ ਨੂਰਮਹਿਲ ਦੀ ਅਗਵਾਈ ਹੇਠ 2025 ਮਾਡਲ ਦੀ ਏਅਰ ਕੰਡੀਸ਼ਨਡ ਗੱਡੀਆਂ ਵਿੱਚ ਜਥਾ ਸ਼੍ਰੀ ਹਿਮ ਸ਼ਿਵਲਿੰਗ ਜੀ ਦੇ ਸਾਖਸ਼ਾਤ ਦਰਸ਼ਨ ਕਰਨ ਲਈ ਰਵਾਨਾ ਹੋਇਆ। ਇਸ ਜਥੇ ਨੂੰ ਹਰਿ ਝੰਡੀ ਦੇ ਕੇ ਰਵਾਨਾ ਕਰਨ ਦਾ ਸੁਭਾਗ ਨਕੋਦਰ ਸਬ ਡਵੀਜ਼ਨ ਦੇ ਡੀ.ਐਸ.ਪੀ ਸੁਖਪਾਲ ਸਿੰਘ ਨੂੰ ਪ੍ਰਾਪਤ ਹੋਇਆ। ਡੀ.ਐਸ.ਪੀ ਸਾਹਿਬ ਨੇ ਮੰਡਲ ਪ੍ਰਧਾਨ ਅਤੇ ਮੰਡਲ ਦੇ ਸਮੂਹ ਅਹੁਦੇਦਾਰਾਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਅਤੇ ਵਧਾਈਆਂ ਦਿੰਦੇ ਹੋਏ ਦੱਸਿਆ ਕਿ ਯਾਤਰਾ ਨੂੰ ਰਵਾਨਾ ਕਰਨ ਦਾ ਸ਼ੁਭ ਕਾਰਜ ਐੱਸ.ਐੱਸ.ਪੀ ਹਰਵਿੰਦਰ ਸਿੰਘ ਵਿਰਕ ਨੇ ਕਰਨਾ ਸੀ ਪਰ ਕਿਸੇ ਅਤਿਅੰਤ ਜਰੂਰੀ ਕੰਮ ਕਾਰਣ ਉਹ ਬੇਬੱਸ ਹੋ ਗਏ। ਨੂਰਮਹਿਲ ਦੇ ਐੱਸ.ਐੱਚ.ਓ ਪਰਮਜੀਤ ਸਿੰਘ ਵੀ ਉਚੇਚੇ ਤੌਰ 'ਤੇ ਹਾਜ਼ਰ ਰਹੇ। ਮੰਡਲ ਦੇ ਚੇਅਰਮੈਨ ਓ.ਪੀ ਕੁੰਦੀ ਨੇ ਮਾਣ ਮਹਿਸੂਸ ਕਰਦਿਆਂ ਕਿਹਾ ਕਿ ਭੋਲੇ ਨਾਥ ਜੀ ਦੀ ਅਸੀਮ ਕਿਰਪਾ ਸਦਕਾ ਅਸੀਂ 20ਵੀਂ ਵਾਰ ਸ਼੍ਰੀ ਅਮਰਨਾਥ ਯਾਤਰਾ ਸੇਵਾਵਾਂ ਨੂੰ ਸੰਪੂਰਣ ਕਰਨ ਜਾ ਰਹੇ ਹਾਂ। ਬਾਬਾ ਬਰਫਾਨੀ ਸਾਰੀਆਂ ਸੰਗਤਾਂ ਨੂੰ ਆਪਣੇ ਦਰਸ਼ਨ ਦੇਣ। ਮੰਡਲ ਦੀ ਮਹਿਲਾ



**ਡੀ.ਐਸ.ਪੀ ਸੁਖਪਾਲ ਸਿੰਘ, ਥਾਣਾ ਮੁਖੀ ਪਰਮਜੀਤ ਸਿੰਘ, ਮੰਡਲ ਪ੍ਰਧਾਨ ਅਸ਼ੋਕ ਬਬਿਤਾ ਸੰਧੂ, ਕਲੱਬ ਪ੍ਰਧਾਨ ਆਂਚਲ ਸੰਧੂ ਸੋਖਲ, ਪ੍ਰਧਾਨ ਮਨਦੀਪ ਸ਼ਰਮਾ ਅਤੇ ਇਲਾਕੇ ਦੇ ਹੋਰ ਪਤਵੰਤੇ ਸ਼ਿਵ ਭਗਤਜਨ।**

ਪ੍ਰਧਾਨ ਲਾਇਨ ਬਬਿਤਾ ਸੰਧੂ ਕਿ ਕਿਹਾ ਜਿਵੇਂ ਸਾਡੀ ਯਾਤਰਾ ਹਮੇਸ਼ਾ ਪਰਿਵਾਰਿਕ ਹੁੰਦੀ ਹੈ, ਇਸ ਗੱਲ ਨੂੰ ਤਸਦੀਕ ਕਰਦਿਆਂ 50 ਫੀਸਦੀ ਮਹਿਲਾਵਾਂ ਯਾਤਰਾ ਕਰਨ ਜਾ ਰਹੀਆਂ ਹਨ। ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਦੀ ਪ੍ਰਧਾਨ ਲਾਇਨ ਆਂਚਲ ਸੰਧੂ ਸੋਖਲ ਅਤੇ ਇਮੀਡੇਟ ਪ੍ਰਧਾਨ ਲਾਇਨ ਸੋਮਿਨਾਂ ਸੰਧੂ, ਕਲੱਬ ਚੇਅਰਪਰਸਨ ਜਸਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਅਸੀਂ ਹਰ ਯਾਤਰੀ ਨੂੰ ਰਸਤੇ ਵਿੱਚ ਮੈਡੀਕਲ ਅਤੇ ਖਾਣ ਪਾਣ ਦੀ ਉੱਚਿਤ ਸੁਵਿਧਾ ਦੇਵਾਂਗੇ, ਮਹਿਲਾ ਯਾਤਰੀਆਂ ਪ੍ਰਤੀ ਪੂਰੀ ਜ਼ਿੰਮੇਵਾਰੀ ਤਨ ਦੇਹੀ ਨਾਲ ਨਿਭਾਉਣ ਲਈ ਖੁਦ ਯਾਤਰਾ ਨਾਲ ਜਾ ਰਹੇ ਹਾਂ। ਏ.ਸੀ ਸੁਵਿਧਾ ਪੂਰੀ ਯਾਤਰਾ ਦੌਰਾਨ ਮਿਲੇਗੀ। ਯਾਤਰਾ ਰਵਾਨਗੀ ਮੌਕੇ ਲਾਇਨਜ਼ ਕਲੱਬ ਨੂਰਮਹਿਲ ਸਿਟੀ ਦੇ ਪ੍ਰਧਾਨ ਸੰਚੂ ਵਧਵਾ ਆਪਣੀ ਟੀਮ ਅਤੇ ਮੈਂਬਰਾਂ ਨਾਲ ਸ਼ਾਮਿਲ ਹੁੰਦਿਆਂ ਯਾਤਰਾ ਲਈ ਦਵਾਈਆਂ ਦੇ ਨਾਲ ਧਨ-ਵਸਤੂ ਦਾ ਯੋਗਦਾਨ ਦਿੱਤਾ। ਮੰਡਲ ਦੇ ਕੋਆਰਡੀਨੇਟਰ ਲਾਇਨ ਦਿਨਕਰ ਸੰਧੂ ਨੇ ਕਲੱਬ ਨੂਰਮਹਿਲ ਡ੍ਰੀਮ, ਗੌਰਵ ਤੋਂ ਇਲਾਵਾ ਉਚੇਚੇ ਤੌਰ 'ਤੇ ਅੰਮ੍ਰਿਤਸਰ ਤੋਂ ਪਹੁੰਚੇ ਜ਼ਿਲ੍ਹਾ ਗਵਰਨਰ ਲੋਕੇਸ਼ ਵਾਲੀਆ, ਪੀ.ਡੀ.ਜੀ ਹਰੀਸ਼ ਬੰਗਾ ਅਤੇ ਸੁਸ਼ੀਲ ਸ਼ਰਮਾ ਦਾ ਵਿਸ਼ੇਸ ਧੰਨਵਾਦ ਕੀਤਾ। ਲਾਇਨਜ਼ ਕਲੱਬ ਨੂਰਮਹਿਲ ਡ੍ਰੀਮ ਨੇ ਅਮਰਨਾਥ ਯਾਤਰਾ ਸੇਵਾਵਾਂ ਦੇ 20 ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਅਸ਼ੋਕ ਬਬਿਤਾ ਸੰਧੂ ਪੈਟਰੋਲੀਅਮ ਚੂਹੇਕੀ ਵਿਖੇ ਪੈਟਰੋਲ ਪੰਪ 'ਤੇ ਸੰਗਤਾਂ ਲਈ ਉਚੇਚੇ ਤੌਰ 'ਤੇ ਆਧੁਨਿਕ ਸਵਾਦ ਵਾਲੇ ਖਾਣ-ਪਾਣ ਦੇ ਸਟਾਲ ਲਗਾਏ ਗਏ। ਮੰਦਰ ਬਾਬਾ ਭੂਤਨਾਥ ਕਮੇਟੀ ਨੂਰਮਹਿਲ ਦੇ ਪ੍ਰਧਾਨ ਰਾਜ ਕੁਮਾਰ ਮੈਹਨ ਨੇ ਸੰਗਤਾਂ ਲਈ ਜਲ ਸੇਵਾ ਮੁਹਈਆ ਕੀਤੀ। ਮੰਡਲ ਵੱਲੋਂ ਮੰਦਰ ਬਾਬਾ ਭੂਤਨਾਥ ਦੇ ਵਿਹੜੇ ਯਾਤਰੀਆਂ ਲਈ ਜਿੱਥੇ ਸੁੰਦਰ ਪੰਡਾਲ ਸਜਾਇਆ ਗਿਆ ਉੱਥੇ ਵੱਖ-ਵੱਖ ਤਰ੍ਹਾਂ ਸਵਾਦਿਸ਼ਟ ਸਟਾਲ ਵੀ ਲਗਾਏ ਗਏ ਜਿਸਦਾ ਸਵਾਦ ਯਾਤਰੀਆਂ ਤੋਂ ਇਲਾਵਾ ਕਈ ਹੋਰ ਸੰਗਤਾਂ ਨੇ ਵੀ ਚੱਖਿਆ। ਮੰਡਲ ਸੰਚਾਲਕ ਪੰਡਿਤ ਪਵਨ ਪ੍ਰਾਸ਼ਰ ਨੇ ਯਾਤਰਾ ਦੀ ਸਫਲਤਾ ਲਈ ਵਿਧੀ ਪੂਰਵਕ ਪੂਜਾ ਅਰਚਨਾ ਕੀਤੀ। ਮੰਡਲ ਦੇ ਸੇਵਾਦਾਰਾਂ ਲਾਇਨ ਸ਼ਰਨਜੀਤ ਸਿੰਘ ਬਿੱਲਾ ਸੈਕਟਰੀ, ਰਾਮ ਮੂਰਤੀ ਕੈਸ਼ੀਅਰ, ਅਮਨ ਕੁਮਾਰ ਪੀ.ਆਰ.ਓ, ਅਨਿਲ ਮਿਸਰ ਪ੍ਰੈਸ ਸਕੱਤਰ, ਮਾਸਟਰ ਸੁਭਾਸ਼ ਢੰਡ, ਮਹੇਸ਼ ਕੁਮਾਰ ਸਲਾਹਕਾਰ, ਕ੍ਰਿਸ਼ਨ ਸੰਧੀਰ ਕਾਰਜਕਾਰੀ ਮੈਂਬਰ ਤੋਂ ਇਲਾਵਾ ਹੋਰ ਮੈਂਬਰਾਂ ਨੇ ਦੇਸ਼ ਵਿਦੇਸ਼ ਦੇ ਦਾਨ ਵੀਰਾਂ ਸੱਜਣਾ ਦਾ ਧਨ-ਧਾਨ-ਵਸਤੂ ਖੁੱਲ੍ਹੇ ਦਿਲ ਨਾਲ ਦਾਨ ਕਰਨ ਲਈ ਕੋਟਿ ਕੋਟਿ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਰੀਨਾ ਸ਼ਰਮਾ, ਪ੍ਰਿੰਸੀਪਲ ਸੁਮਨ ਲਤਾ ਪਾਠਕ, ਟੇਕ ਚੰਦ ਢੀਂਗਰਾ, ਪ੍ਰਧਾਨ ਮਨਦੀਪ ਸ਼ਰਮਾ, ਪ੍ਰਧਾਨ ਰਾਜੀਵ ਮਿਸਰ, ਸੀਤਾ ਰਾਮ ਸੋਖਲ, ਕੁਲਦੀਪ ਸ਼ਰਮਾ, ਮਾਸਟਰ ਰਾਜਿੰਦਰ ਕਾਲਰਾ, ਸਮਾਜ ਸੇਵੀ ਪ੍ਰੇਮ ਬਤਰਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਧਾਰਮਿਕ ਸਮਾਜਿਕ ਸ਼ਿਵ ਭਗਤ ਹਾਜ਼ਰ ਰਹੇ। ਮੰਡਲ ਪ੍ਰਧਾਨ ਨੇ ਸਮੂਹ ਪੱਤਰਕਾਰ ਭਾਈਚਾਰੇ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ ਜਿਨ੍ਹਾਂ ਨੇ ਬੀਤੇ 20 ਸਾਲਾਂ ਤੋਂ ਅਮਰਨਾਥ ਯਾਤਰਾਵਾਂ ਦੀ ਮਹਿਮਾ ਜਨਤਕ ਕਰਕੇ ਈਸ਼ਵਰ ਪ੍ਰਤੀ ਆਪਣਾ ਸ਼ਰਧਾ ਭਾਵ ਦਿਖਾਇਆ।

# ਮਨੁੱਖੀ ਸੇਵਾ ਨੂੰ ਸਮਰਪਿਤ ਨਾਨਕ ਰੋਟੀ ਟਰੱਸਟ



**ਸਾਲ 2019 ਵਿੱਚ ਗੁਰੂ ਨਾਨਕ ਦੇਵ ਜੀ ਦੀ ਬੇਅੰਤ ਕਿਰਪਾ ਨਾਲ, ਹਰ ਰੋਜ਼ 50,000 ਲੋਕਾਂ ਤੱਕ ਲੰਗਰ ਪਹੁੰਚਾਇਆ ਗਿਆ। ਇਸ ਦੇ ਲਈ ਟਰੱਸਟ ਨੂੰ ਲੰਡਨ ਵਰਲਡ ਬੁੱਕ ਆਫ ਰਿਕਾਰਡਜ਼ ਵੱਲੋਂ ਵਿਸ਼ੇਸ਼ ਸਨਮਾਨ ਮਿਲਿਆ। ਅੱਜ ਇਹ ਗਿਣਤੀ ਇੱਕ ਲੱਖ ਤੋਂ ਵੱਧ ਚੁੱਕੀ ਹੈ।**







ਜਦੋਂ ਸਾਡੇ ਮਨ ਵਿਚ ਇਹ ਵਿਚਾਰ ਜਨਮ ਲੈਂਦਾ ਹੈ ਕਿ "ਕੋਈ ਭੁੱਖਾ ਨਾ ਸੌਂਵੇ", ਤਾਂ ਫਿਰ ਇਹ ਸਿਰਫ਼ ਇੱਕ ਸੋਚ ਨਹੀਂ ਰਹਿ ਜਾਂਦੀ, ਸਗੋਂ ਇਹ ਇਕ ਅਜਿਹਾ ਰੱਬੀ ਮਿਸ਼ਨ ਬਣ ਜਾਂਦਾ ਹੈ ਜੋ ਹੱਦਾਂ, ਜਾਤੀਆਂ ਅਤੇ ਧਰਮਾਂ ਤੋਂ ਪਰ੍ਹੇ ਹੋ ਕੇ ਇਨਸਾਨੀਅਤ ਦੀ ਅਸਲ ਪਰਿਭਾਸ਼ਾ ਬਣ ਜਾਂਦਾ ਹੈ। ਇਹੀ ਸੋਚ ਹਕੀਕਤ ਬਣੀ ਨਾਨਕ ਰੋਟੀ ਟਰੱਸਟ ਦੇ ਰੂਪ ਵਿੱਚ, ਜੋ ਕਿ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਤੋਂ ਪ੍ਰੇਰਿਤ ਹੈ ਅਤੇ ਜਿੱਥੇ ਸੇਵਾ ਕੋਈ ਡਿਊਟੀ ਨਹੀਂ, ਸਗੋਂ ਆਤਮਿਕ ਜ਼ਿੰਮੇਵਾਰੀ ਸਮਝੀ ਜਾਂਦੀ ਹੈ।ਇਹ ਟਰੱਸਟ ਨਾ ਸਿਰਫ਼ ਭੁੱਖੇ ਪੇਟ ਲਈ ਰੋਟੀ ਵੰਡਦਾ ਹੈ, ਸਗੋਂ ਹਰ ਰੋਜ਼ ਇਕ ਨਵੀਂ ਉਮੀਦ ਦੀ ਕਿਰਣ ਵੀ ਵੰਡਦਾ ਹੈ।

ਨਾਨਕ ਰੋਟੀ ਟਰੱਸਟ ਇੱਕ ਅਜਿਹਾ ਜਤਨ ਹੈ ਜੋ "ਗੁਰੂ ਨਾਨਕ ਪਾਤਸ਼ਾਹ ਜੀ" ਦੀ ਕਿਰਪਾ ਨਾਲ ਮੁੰਬਈ ਦੇ ਅੰਮ੍ਰਿਤਵੇਲਾ ਟਰੱਸਟ ਦੇ ਸਹਿਯੋਗ ਅਤੇ ਭਾਈ ਸਾਹਿਬ ਗੁਰਪ੍ਰੀਤ ਸਿੰਘ ਜੀ (ਰਿੰਕੂ ਵੀਰ ਜੀ) ਦੀ ਪ੍ਰੇਰਕ ਅਗਵਾਈ ਵਿੱਚ ਚੱਲ ਰਿਹਾ ਹੈ। ਅੰਮ੍ਰਿਤਵੇਲਾ ਟਰੱਸਟ ਦੇ ਦੁਨੀਆ ਭਰ ਵਿੱਚ 1500 ਤੋਂ ਵੱਧ ਸੈਂਟਰ ਹਨ, ਜਿੱਥੇ ਹਰ ਰੋਜ਼ ਲੱਖਾਂ ਸੰਗਤ ਅੰਮ੍ਰਿਤ ਵੇਲੇ ਉੱਠ ਕੇ ਵਾਹਿਗੁਰੂ ਨਾਮ ਸਿਮਰਨ ਅਤੇ ਗੁਰਬਾਣੀ ਰਾਹੀਂ ਆਪਣੀ ਜ਼ਿੰਦਗੀ ਸਫਲ ਕਰ ਰਹੀ ਹੈ। ਇਹ ਟਰੱਸਟ ਮੁੰਬਈ ਦੇ ਵੱਖ-ਵੱਖ ਇਲਾਕਿਆਂ ਵਿਚ ਲੰਗਰ ਦੀਆਂ ਗੱਡੀਆਂ ਰਾਹੀਂ ਇਹ ਮਿਸ਼ਨ ਲੈ ਕੇ ਨਿਕਲਦਾ ਹੈ ਕਿ "ਗੁਰੂ ਨਾਨਕ ਜੀ ਮਿਹਰ ਕਰਨ, ਕੋਈ ਭੁੱਖਾ ਨਾ ਸੌਂਵੇਂ।"

ਇਸ ਸੇਵਾ ਵਿੱਚ ਹਰੇਕ ਰੋਟੀ ਦੇ ਪਿੱਛੇ ਇਕ ਅਰਦਾਸ, ਇਕ ਨੇਕੀ ਤੇ ਇਕ ਸੰਕਲਪ ਲੁਕਿਆ ਹੁੰਦਾ ਹੈ। ਗੁਰੂ ਸਾਹਿਬ ਦੇ ਬਚਨਾਂ ਅਨੁਸਾਰ "ਆਤਮਾ ਦਾ ਭੋਜਨ ਕੀਰਤਨ ਤੇ ਸਰੀਰ ਦਾ ਭੋਜਨ ਨਾਨਕ ਰੋਟੀ ਰਾਹੀਂ", ਇਹ ਸੇਵਾ ਪੂਰੀ ਸ਼ਰਧਾ ਅਤੇ ਮਰਿਯਾਦਾ ਨਾਲ ਕੀਤੀ ਜਾਂਦੀ ਹੈ। ਚਾਹੇ ਬੱਸ ਅੱਡੇ ਹੋਣ ਜਾਂ ਰੇਲਵੇ ਸਟੇਸ਼ਨ, ਹਸਪਤਾਲ ਜਾਂ ਗਰੀਬ ਬਸਤੀਆਂ, ਜਿੱਥੇ ਵੀ ਕੋਈ ਭੁੱਖਾ ਦਿਖਾਈ ਦਿੰਦਾ ਹੈ, ਉੱਥੇ ਨਾਨਕ ਰੋਟੀ ਟਰੱਸਟ ਦੀ ਗੱਡੀ ਰੁੱਕਦੀ ਹੈ ਅਤੇ ਲੰਗਰ ਵੰਡਦੀ ਹੋਈ ਕਹਿੰਦੀ ਹੈ "ਧੰਨ ਗੁਰੂ ਨਾਨਕ!"

ਟਰੱਸਟ ਦੇ ਸੇਵਾਦਾਰ ਸੰਦੀਪ ਜੀ ਨਾਲ ਗੱਲਬਾਤ ਦੌਰਾਨ ਪਤਾ ਲੱਗਿਆ ਕਿ ਸਾਲ 2017 ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਸਮੇਂ ਰਾਤ ਨੂੰ ਲੰਗਰ ਬਚ ਗਿਆ। ਕੁਝ ਸੇਵਾਦਾਰਾਂ ਨੇ ਸੋਚਿਆ ਕਿ ਇਹ ਲੰਗਰ ਗਰੀਬਾਂ ਤੱਕ ਪਹੁੰਚਾਇਆ ਜਾਵੇ। ਜਦੋਂ ਉਹ ਗੱਡੀ 'ਚ ਲੰਗਰ ਲੈ ਕੇ ਗਰੀਬ ਬਸਤੀਆਂ ਵੱਲ ਗਏ, ਤਾਂ ਉਨ੍ਹਾਂ ਨੇ ਜੋ ਦ੍ਰਿਸ਼ ਦੇਖਿਆ, ਉਹ ਹੈਰਾਨ ਕਰ ਦੇਣ ਵਾਲਾ ਸੀ, ਲੋਕ ਲੰਗਰ ਇਸ ਤਰ੍ਹਾਂ ਖਾ ਰਹੇ ਸਨ ਜਿਵੇਂ ਕਈ ਦਿਨਾਂ ਤੋਂ ਭੁੱਖੇ ਹੋਣ।ਇਹ ਕੋਈ ਆਮ ਘਟਨਾ ਨਹੀਂ ਸੀ, ਸਗੋਂ ਇਕ ਰੱਬੀ ਇਸ਼ਾਰਾ ਸੀ।ਜਦੋਂ ਇਹ ਗੱਲ ਭਾਈ ਸਾਹਿਬ ਗੁਰਪ੍ਰੀਤ ਸਿੰਘ ਜੀ (ਰਿੰਕੂ ਵੀਰ ਜੀ) ਨੂੰ ਦੱਸੀ ਗਈ, ਤਾਂ ਉਨ੍ਹਾਂ ਕਿਹਾ "ਜੇ ਰੱਬ ਨੇ ਤੁਹਾਨੂੰ ਇਹ ਦ੍ਰਿਸ਼ ਦਿਖਾਇਆ ਹੈ, ਤਾਂ ਇਹ ਕੋਈ ਇਤਫ਼ਾਕ ਨਹੀਂ, ਸਗੋਂ ਤੁਹਾਡੀ ਸੇਵਾ ਦੀ ਸ਼ੁਰੂਆਤ ਹੈ।" ਇਸ ਤਰ੍ਹਾਂ 2018 ਤੋਂ ਇਹ ਸੇਵਾ ਅੰਮ੍ਰਿਤਵੇਲਾ ਟਰੱਸਟ ਨਾਲ ਜੁੜ ਕੇ ਇੱਕ ਸੰਗਠਿਤ ਰੂਪ 'ਚ ਲੱਗੀ। ਹਾਲਾਂਕਿ ਲੰਗਰ ਦੀ ਸੇਵਾ 2013 ਤੋਂ ਹੀ ਚੱਲ ਰਹੀ ਸੀ, ਪਰ ਨਾਮ ਰਹਿਤ। ਹੁਣ ਇਹ ਟਰੱਸਟ ਇਨਸਾਨੀਅਤ ਦੀ ਮਿਸਾਲ ਬਣ ਚੁਕਿਆ ਹੈ।

ਮੁੰਬਈ ਦੇ ਅਮਰਾਵਤੀ ਤੋਂ ਸ਼ੁਰੂ ਹੋਈ ਇਹ ਲਹਿਰ ਅੱਜ ਭਾਰਤ ਦੇ 250 ਤੋਂ ਵੱਧ ਸ਼ਹਿਰਾਂ ਤੱਕ ਪਹੁੰਚ ਚੁੱਕੀ ਹੈ। ਲੰਗਰ ਤਿਆਰ ਕਰਨ ਤੋਂ ਲੈ ਕੇ ਜ਼ਰੂਰਤਮੰਦਾਂ ਤੱਕ ਪਹੁੰਚਾਉਣ ਤਕ, ਟਰੱਸਟ ਦੇ ਸੇਵਾਦਾਰ ਸੁਖਮਨੀ ਸਾਹਿਬ, ਜਪੁਜੀ ਸਾਹਿਬ ਅਤੇ ਚੌਪਈ ਸਾਹਿਬ ਦੇ ਪਾਠ ਕਰਦੇ ਹਨ। ਸਿਮਰਨ ਅਤੇ ਅਰਦਾਸ ਕਰਕੇ ਲੰਗਰ ਗੱਡੀਆਂ ਰਾਹੀਂ ਜ਼ਰੂਰਤਮੰਦਾਂ ਤਕ ਪਹੁੰਚਾਇਆ ਜਾਂਦਾ ਹੈ। ਸਾਲ 2018 ਵਿਚ ਇਹ ਸੇਵਾ ਸਿਰਫ 13 ਸੇਵਾਦਾਰਾਂ ਨਾਲ ਸ਼ੁਰੂ ਹੋਈ, ਜੋ ਹਰ ਰੋਜ਼ 2000 ਲੋਕਾਂ ਤੱਕ ਲੰਗਰ ਪਹੁੰਚਾਉਂਦੇ ਸਨ। ਅੱਜ ਹਜ਼ਾਰਾਂ ਸੇਵਾਦਾਰਾਂ ਅਤੇ ਅਣਗਿਣਤ ਗੱਡੀਆਂ ਰਾਹੀਂ ਇਹ ਲੰਗਰ ਲੱਖਾਂ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ।ਸਾਲ 2019 ਵਿੱਚ ਗੁਰੂ ਨਾਨਕ ਦੇਵ ਜੀ ਦੀ ਬੇਅੰਤ ਕਿਰਪਾ ਨਾਲ, ਹਰ ਰੋਜ਼ 50,000 ਲੋਕਾਂ ਤੱਕ ਲੰਗਰ ਪਹੁੰਚਾਇਆ ਗਿਆ। ਇਸ ਦੇ ਲਈ ਟਰੱਸਟ ਨੂੰ ਲੰਡਨ ਵਰਲਡ ਬੁੱਕ ਆਫ ਰਿਕਾਰ-ਡਜ਼ ਵੱਲੋਂ ਵਿਸ਼ੇਸ਼ ਸਨਮਾਨ ਮਿਲਿਆ। ਅੱਜ ਇਹ ਗਿਣਤੀ ਇੱਕ ਲੱਖ ਤੋਂ ਵੱਧ ਹੋ ਚੁੱਕੀ ਹੈ।

ਜਦੋਂ ਕੋਰੋਨਾ ਦੌਰਾਨ ਸਾਰਾ ਦੇਸ਼ ਘਰਾਂ ਵਿਚ ਬੰਦ ਸੀ ਤਾਂ ਟਰੱਸਟ ਦੇ ਸੇਵਾਦਾਰ ਮੈਦਾਨ ਵਿਚ ਉਤਰੇ ਰਹੇ। ਉਹ ਤਿਆਰ ਭੋਜਨ, ਪਾਣੀ, ਦਵਾਈਆਂ, ਦੁੱਧ ਅਤੇ ਹੋਰ ਸਮਾਨ ਲੈ ਕੇ ਜ਼ਰੂਰਤਮੰਦਾਂ ਤੱਕ ਪਹੁੰਚਦੇ ਰਹੇ।

ਹਾਲ ਹੀ ਵਿੱਚ ਉਲਹਾਸਨਗਰ (ਮੁੰਬਈ) ਤੋਂ ਟਰੱਸਟ ਨੇ ਬੇਸਹਾਰਾ ਜਾਨਵਰਾਂ (ਕੁੱਤੇ, ਬਿੱਲੀਆਂ, ਗਊਆਂ, ਪੰਛੀਆਂ ਆਦਿ) ਲਈ ਵੀ ਰੋਜ਼ਾਨਾ ਖਾਣ-ਪੀਣ ਦੀ ਸੇਵਾ ਸ਼ੁਰੂ ਕੀਤੀ ਹੈ। ਇਸ ਉਦੇਸ਼ ਨਾਲ ਕਿ "ਗੁਰੂ ਨਾਨਕ ਜੀ ਮਿਹਰ ਕਰਨ ਕੋਈ ਬੇਜ਼ੁਬਾਨ ਭੁੱਖਾ ਨਾ ਰਹੇ"।

ਭਵਿੱਖ ਵਿੱਚ ਹੋਰ ਸ਼ਹਿਰਾਂ ਵਿਚ ਵੀ ਇਹ ਸੇਵਾ ਸ਼ੁਰੂ ਕੀਤੀ ਜਾਵੇਗੀ ਅਤੇ ਇਨ੍ਹਾਂ ਜਾਨਵਰਾਂ ਲਈ ਸ਼ੈੱਡ ਬਣਾਏ ਜਾਣਗੇ।

ਨਾਨਕ ਰੋਟੀ ਟਰੱਸਟ ਅੱਜ ਸਿਰਫ਼ ਲੰਗਰ ਨਹੀਂ, ਸਗੋਂ ਇਕ ਅਜਿਹਾ ਮੰਚ ਬਣ ਗਿਆ ਹੈ ਜੋ ਨਵੀਂ ਪੀੜ੍ਹੀ ਨੂੰ ਸੇਵਾ ਨਾਲ ਜੋੜ ਰਿਹਾ ਹੈ। ਵਿਦਿਆਰਥੀ, ਰਿਟਾਇਰਡ ਲੋਕ, ਘਰੇਲੂ ਮਹਿਲਾਵਾਂ ਹਰ ਕੋਈ ਸੇਵਾ ਰਾਹੀਂ ਆਪਣੇ ਜੀਵਨ ਨੂੰ ਸਫਲ ਬਣਾ ਰਹੇ ਹਨ।ਇਹ ਟਰੱਸਟ ਸਿੱਧ ਕਰਦਾ ਹੈ ਕਿ ਜੇ ਮਨ ਵਿਚ ਨਿਸ਼ਕਾਮ ਭਾਵਨਾ, ਦਿਲ ਵਿਚ ਦਰਦ ਅਤੇ ਰਾਹ ਵਿਖਾਉਣ ਵਾਲਾ ਕੋਈ ਰਹਿਬਰ ਹੋਵੇ, ਤਾਂ ਸੀਮਿਤ ਸੰਸਾਧਨਾਂ ਨਾਲ ਵੀ ਵੱਡੀ ਲਹਿਰ ਚਲਾਈ ਜਾ ਸਕਦੀ ਹੈ।

ਟਰੱਸਟ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ "ਨਾਮ ਜਪੋ, ਕ੍ਰਿਤ ਕਰੋ ਅਤੇ ਵੰਡ ਛਕੋ" 'ਤੇ ਅਮਲ ਕਰਦਾ ਹੋਇਆ ਅੱਗੇ ਵਧ ਰਿਹਾ ਹੈ। ਅੱਜ ਲੱਖਾਂ ਦਾਨੀ ਸੱਜਣ ਆਪਣਾ ਦਸਵੰਧ ਦੇ ਕੇ ਇਸ ਸੇਵਾ ਨੂੰ ਸਹਿਯੋਗ ਦੇ ਰਹੇ ਹਨ। ਇਹ ਸੱਚ ਹੈ ਕਿ ਜਦੋਂ ਕੋਈ ਮਨੁੱਖ ਰੱਬ ਦੇ ਰਸਤੇ 'ਤੇ ਤੁਰਦਾ ਹੈ, ਤਾਂ ਰੱਬ ਆਪ ਉਸ ਦੀ ਬਾਂਹ ਫੜ ਲੈਂਦਾ ਹੈ।



**ਬਲਦੇਵ ਸਿੰਘ ਬੇਦੀ**
**ਜਲੰਧਰ**
**9041925181**

# ਰਿਸ਼ਤਿਆਂ ਦੀ ਰੌਸ਼ਨੀ

ਵਿਕਾਸ ਅਤੇ ਤਬਦੀਲੀ ਦੇ ਯੁੱਗ ਵਿੱਚ ਨਵੀ ਤਕਨੀਕ,ਅਧੁਨਿਕ ਜੀਵਨ ਸ਼ੈਲੀ ਅਤੇ ਬਦਲਦੀਆਂ ਕਦਰਾਂ ਕੀਮਤਾਂ ਵਿਚਕਾਰ ਜਿਸ ਚੀਜ਼ ਦੀ ਸੱਭ ਤੋਂ ਵੱਧ ਘਾਟ ਹੈ ਉਹ ਹੈ ਪੀੜ੍ਹੀਆਂ ਦੇ ਵਿਚਕਾਰ ਅੰਤਰ,ਅਕਸਰ ਦੇਖਿਆ ਜਾਂਦਾ ਹੈ ਕਿ ਬਜੁਰਗ ਅਤੇ ਨੌਜਵਾਨ ਇਕੋ ਘਰ ਵਿੱਚ ਰਹਿੰਦੇ ਹੋਏ ਵੀ ਦੋ ਵੱਖ-ਵੱਖ ਦੁਨੀਆਂ ਵਿੱਚ ਰਹਿ ਰਹੇ ਹਨ।ਕੰਮ ਵਾਲੀ ਥਾਂ ਤੇ,ਸਮਾਜ ਅਤੇ ਦੋਸਤਾਂ ਵਿੱਚ ਵੀ ਇਕ ਅਦਿੱਖ ਪਾੜਾ ਪੈਦਾ ਦਿਖਾਈ ਦੇ ਰਿਹਾ ਹੈ।ਪਰ ਕੀ ਹੋਇਆ ਜੇਕਰ ਅਸੀ ਇਸ ਪਾੜੇ ਨੂੰ ਇਕ ਮੌਕੇ ਵਜੋਂ ਦੇਖੀਏ?ਇਕ ਅਜਿਹਾ ਮੌਕਾ ਜਿੱਥੇ ਅਨੁਭਵ ਦੀ ਡੂੰਘਾਈ ਅਤੇ ਨਵੀਨਤਾ ਦੀ ਉਚਾਈ ਮਿਲ ਕੇ ਪ੍ਰੇਰਨਾ ਦੀ ਇਕ ਨਵੀ ਦਿਸ਼ਾਂ ਪੈਦਾ ਕਰਦੇ ਹਨ।ਇਹ ਸਥਿੱਤੀ ਪ੍ਰੇਰਨਾ ਦਾ ਇਕ ਸਰੋਤ ਬਣ ਸਕਦੀ ਹੈ।ਹਰ ਵਿਅਕਤੀ ਆਪਣੇ ਸਮੇਂ ਵਿੱਚ,ਵਾਤਾਵਰਣ ਅਤੇ ਸੰਘਰਸ਼ਾਂ ਤੋਂ ਹੀ ਸਿੱਖਦਾ ਹੈ।ਹਰ ਪੀੜ੍ਹੀ ਦਾ ਆਪਣਾ ਇਕ ਵਿਸ਼ੇਸ਼ ਅਨੁਭਵ ਹੁੰਦਾ ਹੈ।ਜੀਵਨ ਵਿੱਚ ਮੁਸ਼ਕਲਾਂ ਦੇ ਨਾਲ ਜੂਝਦੇ ਹੋਏ ਬਜੁਰਗਾਂ ਨੇ ਜੋ ਕਦਰਾਂ-ਕੀਮਤਾਂ ਅਤੇ ਸਬਕ ਪ੍ਰਾਪਤ ਕੀਤੇ ਹਨ,ਉਹ ਇਕ ਬਹੁਤ ਹੀ ਅਨਮੋਲ ਹਨ।ਦੂਜੇ ਪਾਸੇ ਅੱਜ ਦੀ ਪੀੜ੍ਹੀ ਨੇ ਤਕਨੀਕੀ ਅਤੇ ਨਵੀਨਤਾ ਦੇ ਜ਼ੋਰ 'ਤੇ ਇਕ ਨਵੀ ਦੁਨੀਆ ਬਣਾਈ ਹੈ।ਦੋਵੇਂ ਦ੍ਰਿਸ਼ਟੀਕੋਣਾਂ ਵਿੱਚ ਸ਼ਕਤੀ ਅਤੇ ਉਰਜਾ ਹੈ,ਪਰ ਜਦੋਂ ਅਸੀ ਸਿਰਫ਼ ਆਪਣੇ ਹੀ ਦ੍ਰਿਸ਼ਟੀਕੋਣ ਨੂੰ ਸਹੀ ਮੰਨਦੇ ਹਾਂ ਅਤੇ ਦੂਸਰੇ ਨੂੰ ਰੱਦ ਕਰਦੇ ਹਾਂ ਤਾਂ ਉਥੇ ਫਰਕ ਪੈਦਾ ਹੋ ਜਾਂਦੇ ਹਨ।

ਜੀਵਨ ਕੋਈ ਮੁਕਾਬਲਾ ਨਹੀ ਹੈ,ਇਹ ਇਕ ਸਾਝਾਂ ਸਫਰ ਹੈ।ਇਸ ਵਿੱਚ ਹਰ ਕਿਸੇ ਦੀ ਭੂਮਿਕਾ ਹੁੰਦੀ ਹੈ,ਹਰ ਕਿਸੇ ਦੀ ਗਤੀ ਹੁੰਦੀ ਹੈ,ਅਤੇ ਹਰ ਕਿਸੇ ਦੀ ਦਿਸ਼ਾਂ ਮਾਇਨੇ ਰੱਖਦੀ ਹੈ।ਜੇਕਰ ਅਸੀ ਇਹ ਸਮਝਦੇ ਹਾਂ ਕਿ ਅਸੀ ਇਕ ਦੂਜੇ ਦੇ ਵਿਰੋਧੀ ਨਹੀ ਹਾਂ,ਸਗੋ ਸਹਿਣੋਗੀ ਹਾਂ,ਤਾਂ ਨਾ ਸਿਰਫ਼ ਸਾਡੇ ਨਿਜੀ ਰਿਸ਼ਤੇ ਮਜ਼ਬੂਤ ਹੋਣਗੇ,ਸਗੋਂ ਸਮਾਜ ਵਿੱਚ ਸਾਂਤੀ,ਸਦਭਾਵਨਾ ਅਤੇ ਸਮੂਹਿਕ ਵਿਕਾਸ ਦੀ ਇਕ ਨਵੀ ਲਹਿਰ ਵੀ ਉਠੇਗੀ।ਪੀੜ੍ਹੀਆਂ ਵਿੱਚਕਾਰ ਇਹ ਫ਼ਰਕ ਕਦੇ ਵੀ ਕੰਧ ਨਹੀ ਬਣ ਸਕਦਾ,ਸਗੋਂ ਇਕ ਪੁਲ ਬਣ ਸਕਦਾ ਹੈ।ਜਿਸ ਨਾਲ ਅਸੀ ਆਰਾਮ ਨਾਲ ਅੱਗੇ ਵੱਲ ਵੱਧ ਸਕਦੇ ਹਾਂ।ਇਹ ਪੁਲ ਖੁੱਲੇ ਮਨ ਨਾਲ,ਨਿਮਰਤਾ ਭਰੇ ਦ੍ਰਿਸ਼ੀਕੋਣ ਨਾਲ,ਆਪਸੀ ਤਾਲਮੇਲ ਨਾਲ ਅਤੇ ਬੜੇ ਹੀ ਸਤਿਕਾਰ ਨਾਲ ਬਣਾਇਆ ਗਿਆ ਹੈ।ਸੀਨੀਅਰ ਪੀੜ੍ਹੀ ਨੇ ਆਪਣੇ ਜੀਵਨ ਵਿੱਚ ਸੰਘਰਸ਼ਾਂ ਤੋਂ ਮੁੱਲ ਪ੍ਰਾਪਤ ਕੀਤੇ ਹਨ,ਜਦੋਂ ਪੁਰਾਣੀ ਪੀੜ੍ਹੀ ਨੇ ਇਸ ਤੇਜ਼ ਰਫਤਾਰ ਯੁੱਗ ਵਿੱਚ ਹੁਨਰ ਅਤੇ ਸੋਚ ਵਿਕਸਤ ਕੀਤੀ ਹੈ।ਦੋਵੇਂ ਹੀ ਦ੍ਰਿਸ਼ਟੀਕੋਣ ਬਹੁਤ ਮਹੱਤਵਪੂਰਨ ਹਨ।

ਪਰ ਜਦੋਂ ਉਹਨਾਂ ਵਲੋਂ ਇਕ ਦੂਜੇ ਨੂੰ ਨਿਕਾਰਨਾ ਸ਼ੁਰੂ ਕਰ ਦਿੰਦੇ ਹੈ,ਤਾਂ ਦੂਰੀ ਅਤੇ ਅੰਤਰ ਪੈਦਾ ਹੁੰਦੇ ਹਨ।ਇਸ ਵਿੱਚ ਮੋਹਰੀ ਉਹ ਪੁਲ ਹੈ,ਜੋ ਵੱਖ-ਵੱਖ ਦ੍ਰਿਸ਼ਟੀਕੋਣਾਂ ਅਤੇ ਪੀੜ੍ਹੀਆਂ ਨੂੰ ਜੋੜ ਸਕਦਾ ਹੈ।ਜੇਕਰ ਬਜੁਰਗ ਖੁੱਲੇ ਮਨ ਨਾਲ ਉਸ ਨੌਜਵਾਨਾਂ ਦੇ ਵਿਚਾਰਾਂ ਨੂੰ ਸੁਣਦੇ ਹਨ ਅਤੇ ਨੌਜਵਾਨਾਂ ਦੇ ਅਨੁਭਵਾਂ ਅਤੇ ਸਿੱਖਣ ਲਈ ਉਤਸੁਕ ਹੁੰਦੇ ਹਨ,ਤਾਂ ਸਤਿਕਾਰ ਅਤੇ ਸਹਿਯੋਗ ਦੀ ਭਾਵਨਾ ਕੁਦਰਤੀ ਤੌਰ ਤੇ ਵਿਕਸਤ ਹੋ ਜਾਂਦੀ ਹੈ।ਇਹ ਮਸਲਾ ਸਿਰਫ਼ ਸ਼ਬਦਾਂ ਦੇ ਆਦਾਨ-ਪ੍ਰਦਾਨ ਦਾ ਨਹੀ ਹੈ,ਸਗੋਂ ਇਹ ਇਕ ਦੂਜੇ ਨੂੰ ਸਮਝਣ ਦਾ ਇਕ ਸਾਧਨ ਹੈ।ਜਦੋਂ ਬਜੁਰਗ ਨੌਜਵਾਨ ਮਨ ਦੀ ਉਤਸੁਕਤਾ ਵੱਲ ਧਿਆਨ ਦਿੰਦੇ ਹਨ ਅਤੇ ਨੌਜਵਾਨ ਵੀ ਬਜੁਰਗਾਂ ਦੀਆਂ ਸਿਖਿਆਵਾਂ ਨੂੰ ਗ੍ਰਹਿਣ ਕਰਨ ਲਈ ਤਿਆਰ ਹੁੰਦੇ ਹਨ,ਤਾਂ ਅਪਸੀ ਸਤਿਕਾਰ ਦੀ ਇਕ ਸੁੰਦਰ ਭਾਵਨਾ ਵਿਕਸਤ ਹੁੰਦੀ ਹੈ।ਇਹ ਸਾਰੀ ਗੱਲਬਾਤ ਰਿਸ਼ਤਿਆਂ ਵਿੱਚ ਮਿਠਾਸ ਲਿਆਉਦੀ ਹੈ,ਵਿਸ਼ਵਾਸ਼ ਨੂੰ ਹੋਰ ਵੀ ਮਜ਼ਬੂਤ ਕਰਦੀ ਹੈ,ਅਤੇ ਇਕ ਸਕਾਰਾਤਮਕ ਤਬਦੀਲੀ ਦਾ ਨੀਂਹ ਪੱਥਰ ਰੱਖਦੀ ਹੈ।ਮਤਭੇਦ ਜੀਵਨ ਦਾ ਇਕ ਕੁਦਰਤੀ ਹਿੱਸਾ ਹੈ।ਪਰ ਪਰਿਪੱਕਤਾ ਉਨ੍ਹਾਂ ਨੂੰ ਟਕਾਅ ਦੀ ਬਜਾਇ ਆਪਸੀ ਸਮਝ ਅਤੇ ਧੀਰਜ ਨਾਲ ਹੱਲ ਕਰਨ ਵਿੱਚ ਹੈ।ਜਦੋਂ ਅਸੀ ਕਿਸੇ ਦੇ ਹਾਲਾਤਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ,ਤਾਂ ਹੱਲ ਕੇਂਦਰ ਵਿੱਚ ਹੋਣਾ ਚਾਹੀਦਾ ਹੈ।ਇਹ ਸੋਚ ਸਾਡੇ ਪਰਿਵਾਰਾਂ,ਸਗਡੇ ਕਾਰਜ਼ ਸਥਾਨਾਂ ਅਤੇ ਸਮਾਜ ਨੂੰ ਵਧੇਰੇ ਮਜ਼ਬੂਤ,ਦਿਲਚਸਪ ਅਤੇ ਸੰਵੇਦਨਸ਼ੀਲ ਬਣਾਉਂਦੀ ਹੈ।

ਹਰ ਰਿਸ਼ਤੇ ਵਿੱਚ ਮਤਭੇਦ ਸੁਭਾਵਿਕ ਹੁੰਦੇ ਹਨ,ਪਰ ਉਨਾਂ ਨੂੰ ਸਹਿਣਸ਼ੀਲਤਾ ਅਤੇ ਧੀਰਜ ਨਾਲ ਹੱਲ ਕਰਨਾ ਸਮਝਦਾਰੀ ਹੈ।ਕਈ ਵਾਰ ਦੂਜਿਆਂ ਦੇ ਹਾਲਤਾਂ ਅਤੇ ਦ੍ਰਿਸ਼ਟੀਕੋਣ ਨੂੰ ਸਮਝਣ ਦੀ ਕੋਸ਼ਿਸ਼ ਕਰਕੇ ਟਕਰਾਅ ਦੀ ਬਜਾਇ ਹੱਲ ਨਿਕਲ ਆਉਦੇ ਹਨ।ਇਹ ਸੋਚ ਸਿਰਫ਼ ਨਿਜੀ ਸਬੰਧਾਂ 'ਤੇ ਹੀ ਨਹੀ,ਸਗੋਂ ਪੇਸ਼ੇਵਰ,ਸਮਾਜਿਕ ਅਤੇ ਭਾਵਨਾਤਮਕ ਪੱਧਰਾਂ ਤੇ ਵੀ ਲਾਗੂ ਹੁੰਦੀ ਹੈ।ਜਦੋਂ ਇਕ ਪੀੜ੍ਹੀ ਦੂਜੀ ਪੀੜ੍ਹੀ ਨਾਲ ਸਹਿਯੋਗ ਕਰਦੀ ਹੈ, ਭਾਵੇਂ ਕਿ ਇਹ ਗਿਆਨ ਦਾ ਆਦਾਨ-ਪ੍ਰਦਾਨ ਹੀ ਹੋਵੇ,ਤਕਨੀਕੀ ਸਹਾਇਤਾ ਹੋਵੇ ਜਾਂ ਭਾਵਨਾਤਮਕ ਸਹਾਇਤਾ ਤਾਂ ਇਸ ਨੂੰ ਸਿਰਫ਼ ਇਕ ਜਿੰਮੇਵਾਰੀ ਵਜੋਂ ਨਹੀ ਦੇਖਿਆ ਜਾਣਾ ਚਾਹੀਦਾ ਸਗੋਂ ਪਿਆਰ ਅਤੇ ਆਪਸੀ ਲਗਾਵ ਦੇ ਪ੍ਰਗਟਾਵੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ।ਸਹਿਯੋਗ ਨੂੰ 'ਅਹਿਸਾਨ'ਵਜੋਂ ਲੈਣ ਨਾਲ ਰਿਸ਼ਤੇ ਵਿੱਚ ਇਕ ਕੰਧ ਬਣ ਜਾਂਦੀ ਹੈ।ਜਦ ਕਿ ਖੁੱਲੇ ਦਿਲ ਨਾਲ ਸਵੀਕਾਰ ਕਰਨ ਨਾਲ ਰਿਸ਼ਤੇ ਵਿੱਚ ਮਿਠਾਸ ਆਉਦੀ ਹੈ। ਹਰ ਵਿਅਕਤੀ ਜਿਸ ਦੀ ਉਮਰ ਭਾਵੇ ਕੋਈ ਵੀ ਹੋਵੇ,ਸਤਿਕਾਰ ਅਤੇ ਸਵੈ-ਮਾਣ ਦੀ ਉਮੀਦ ਕਰਦਾ ਹੈ।ਜੇਕਰ ਅਸੀ ਪਰਿਪੱਕਤਾ ਦਾ ਅਰਥ ਸਿਰਫ਼ ਬਰਾਬਰ ਸਮਝਦੇ ਹਾਂ ਅਤੇ ਜਵਾਨੀ ਨੂੰ ਸਿਰਫ਼ ਹਮਲ-ਾਵਰਤਾ ਨਾਲ ਜੋੜਦੇ ਹਾਂ,ਤਾਂ ਅਸੱਤੁਲਨ ਸੁਭਾਵਿਕ ਹ।ਆਦਰਸ਼ ਸਥਿੱਤੀ ਉਦੋਂ ਹੁੰਦੀ ਹੈ ਜਦੋਂ ਬਜੁਰਗ ਆਪਣੇ ਅਨੁਭਵ ਸਾਂਝੇ ਕਰਦੇ ਹਨ।ਪਰ ਬਰਾਬਰ ਨਹੀ ਸਮਝਦੇ ਅਤੇ ਨੌਜਵਾਨ ਆਪਣੇ ਆਪਣੇ ਸਵੈ-ਮਾਣ ਨੂੰ ਬਰਾਬਰ ਸਮਝਦੇ ਹੋਏ ਦੂਜਿਆਂ ਦਾ ਸਤਿਕਾਰ ਕਰਦੇ ਹਨ।ਜਿੰਦਗੀ ਇਕ ਸਾਂਝੀ ਯਾਤਰਾ ਹੈ ਜਿੱਥੇ ਹਰ ਇਕ ਦੀ ਭੂਮਿਕਾ ਮਹੱਤਵ ਪੂਰਨ ਹੁੰਦੀ ਹੈ।ਇਹ ਯਾਤਰਾ ਸਿਰਫ਼ ਟੀਚਿਆਂ ਨੂੰ ਪੂਰਾ ਕਰਨ ਲਈ ਨਹੀ ਹੁੰਦੀ,ਸਗੋਂ ਇਕ ਦੂਜੇ ਨਾਲ ਹੱਥ ਮਿਲਾ ਕੇ ਚੱਲਣ ਬਾਰੇ ਹੁੰਦੀ ਹੈ।ਜਦੋਂ ਅਸੀ ਸਮਝਦੇ ਹਾਂ ਕਿ ਹਰ ਕੋਈ ਇਕ ਦੂਜੇ ਦਾ ਪ੍ਰਤੀਯੋਗੀ ਨਹੀ ਹੈ,ਸਗੋਂ ਇਕ ਸਾਥੀ ਹੈ,ਤਾਂ ਹੀ ਸੱਚੀ ਮਨੁੱਖਤਾ ਪ੍ਰਗਟ ਹੁੰਦੀ ਹੈ।ਪੀੜ੍ਹੀਆਂ ਜਾਂ ਸੋਚ ਵਿੱਚ ਅੰਤਰ ਇਕ ਰੁਕਾਵਟ ਨਹੀ ਹੀ ਸਗੋਂ ਸਿਖਣ ਸਿਖਾਉਣ ਅਤੇ ਵਧਣ ਦਾ ਮੌਕਾ ਹੈ।ਜੇਕਰ ਅਸੀ ਖੁੱਲੇ ਮਨ,ਸਤਿਕਾਰ ਅਤੇ ਸਦਭਾਵਨਾ ਨਾਲ ਅੱਗੇ ਵੱਧਦੇ ਹਾਂ,ਤਾਂ ਹਰ ਰਿਸ਼ਤਾ ਸੁਧਰ ਸਕਦਾ ਹੈ।ਆਪਸੀ ਸਦਭਾਵਨਾ ਸਮਾਜ ਵਿੱਚ ਸਾਂਤੀ,ਸਹਿਯੋਗ ਅਤੇ ਸਦਭਾਵਨਾ ਦੀ ਨੀਂਹ ਬਣ ਜਾਦੀ ਹੈ।



ਅਮਰਜੀਤ ਚੰਦਰ
9417600014

# ਪ੍ਰੋ.(ਡਾ.) ਯੋਗੇਸ਼ ਚੰਦਰ ਸੂਦ ਦੀਆਂ ਤਿੰਨ ਹਿੰਦੀ ਮਿੰਨੀ ਕਹਾਣੀਆਂ

ਪੰਜਾਬੀ ਅਨੁਵਾਦ: ਰਵਿੰਦਰ ਸਿੰਘ ਸੋਢੀ

## ਬਾਊ ਜੀ

ਬਾਊ ਜੀ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋ ਚੁੱਕੇ ਇਕ ਵੱਡੇ ਅਫਸਰ ਸੀ। ਸਾਰਾ ਪਰਿਵਾਰ ਹੀ ਉਹਨਾਂ ਨੂੰ ਬਾਊ ਜੀ ਕਹਿੰਦਾ। ਆਪਣੇ ਆਂਡ-ਗਵਾਂਡ ਵਿਚ ਹੀ ਨਹੀਂ ਬਲਕਿ ਸਮਾਜ ਵਿਚ ਵੀ ਉਹਨਾਂ ਦਾ ਬਹੁਤ ਮਾਣ-ਸਨਮਾਨ ਸੀ। ਉਹਨਾਂ ਦਾ ਪੁੱਤਰ ਅਤੇ ਨੂੰਹ ਵਿਦੇਸ ਵਿਚ ਸੀ।

ਬਾਊ ਜੀ ਆਪਣੀ ਪਤਨੀ ਨਾਲ ਪਿੰਡ ਹੀ ਰਹਿੰਦੇ। ਇਕ ਦਿਨ ਜਦੋਂ ਉਹ ਸੈਰ ਕਰਕੇ ਵਾਪਿਸ ਘਰ ਪਹੁੰਚੇ ਤਾਂ ਕਾਫੀ ਥੱਕੇ ਹੋਏ ਸੀ। ਸਾਰੇ ਸਰੀਰ ਵਿਚ ਹੀ ਥੋਹੜਾ-ਥੋਹੜਾ ਦਰਦ ਹੋ ਰਿਹਾ ਸੀ। ਸ਼ਾਇਦ ਬੁਖਾਰ ਵੀ। ਉਹ ਬਿਨਾਂ ਕੁਝ ਖਾਧੇ-ਪੀਤੇ ਮੰਜੇ 'ਤੇ ਪੈ ਗਏ।

ਸ਼ਾਮ ਨੂੰ ਜਦੋਂ ਉਹਨਾਂ ਦੇ ਬੇਟੇ ਦਾ ਫੋਨ ਆਇਆ ਤਾਂ ਮਾਂ ਨੇ ਹੀ ਗੱਲ ਕੀਤੀ ਅਤੇ ਬਾਊ ਜੀ ਦੀ ਤਬੀਅਤ ਬਾਰੇ ਦੱਸਿਆ। ਪੁੱਤਰ ਨੇ ਬਾਊ ਜੀ ਨਾਲ ਵੀ ਗੱਲ ਕੀਤੀ, ਉਹਨਾਂ ਨੂੰ ਪੂਰਾ ਅਰਾਮ ਕਰਨ ਲਈ ਕਿਹਾ ਅਤੇ ਸ਼ਹਿਰ ਜਾ ਕੇ ਕਿਸੇ ਚੰਗੇ ਡਾਕਟਰ ਨੂੰ ਦਿਖਾਉਣ ਲਈ ਵੀ ਤਾਕੀਦ ਕੀਤੀ। ਇਹੋ ਨਹੀਂ, ਬੇਟੇ ਨੇ ਸਲਾਹ ਦਿੱਤੀ ਕਿ ਆਪਣੇ ਸਾਰੇ ਟੈਸਟ ਕਰਵਾਉ, ਪੈਸੇ ਦੀ ਫਿਕਰ ਨਾ ਕਰਨ, ਉਹ ਭੇਜ ਦਏਗਾ।

ਫੋਨ ਬੰਦ ਕਰਨ ਤੋਂ ਬਾਅਦ ਬਾਊ ਜੀ ਸੋਚ ਰਹੇ ਸੀ ਕਿ ਕੀ ਬੱਚਿਆਂ ਲਈ ਇਹੋ ਕਾਫੀ ਹੈ ਕਿ ਉਹ ਟੈਲੀਫੋਨ ਰਾਹੀਂ ਹੀ ਬੁੱਢੇ ਮਾਂ-ਪਿਉ ਦਾ ਹਾਲ-ਚਾਲ ਪੁੱਛ ਲੈਣ, ਪੈਸੇ ਭੇਜਣ ਦਾ ਦਿਲਾਸਾ ਦੇ ਦੇਣ? ਉਹਨਾਂ ਦੇ ਦਿਮਾਗ ਵਿਚ ਇਕੋ ਗੱਲ ਚਕੱਰ ਲਾ ਰਹੀ ਸੀ ਕਿ ਬੱਚੇ ਇਹ ਕਦੋਂ ਸਮਝਣਗੇ ਕਿ ਇਕਲੇ ਰਹਿ ਰਹੇ ਮਾਂ-ਪਿਉ ਦੀ ਤੰਦਰੁਸਤੀ ਲਈ ਚੰਗੀ ਖੁਰਾਕ ਅਤੇ ਦਵਾਈਆਂ ਨਾਲੋਂ ਵੀ ਜਰੂਰੀ ਬੱਚਿਆਂ ਦਾ ਉਹਨਾਂ ਦੇ ਕੋਲ ਹੋਣਾ ਅਤੇ ਉਹਨਾਂ ਦਾ ਪਿਆਰ? ਇਹ ਸੋਚਦੇ-ਸੋਚਦੇ ਉਹਨਾਂ ਦੀਆਂ ਅੱਖਾਂ ਸਿਲੀਆਂ ਹੋ ਗਈਆਂ। ਇਹਨਾਂ ਸੋਚਾਂ ਵਿਚ ਗਵਾਚੇ ਪਤਾ ਨਹੀਂ ਉਹਨਾਂ ਦੀ ਕਦੋਂ ਅੱਖ ਲੱਗ ਗਈ। ਸੁਪਨੇ ਵਿਚ ਉਹਨਾਂ ਦੇਖਿਆ ਕਿ ਉਹਨਾਂ ਦਾ ਪੁੱਤਰ ਅਤੇ ਪੋਤਾ ਉਹਨਾਂ ਦੇ ਕੋਲ ਬੈਠੇ ਹਨ।

## ਮੇਲੇ ਦੀ ਯਾਦ

ਜਦੋਂ ਪਿਤਾ ਜੀ ਨੇ ਘਰ ਦੀ ਬੈਠਕ ਦੀ ਕਾਰਨਸ 'ਤੇ ਪਈ ਖਿਡਾਉਣੇ ਵਰਗੀ ਇਕ ਟਿਊਬ ਲਾਈਟ ਜਗਦੀ ਦੇਖੀ ਤਾਂ ਉਹਨਾਂ ਨੂੰ ਤਕਰੀਬਨ 35 ਸਾਲ ਪਹਿਲਾਂ ਦਾ ਉਹ ਦਿਨ ਯਾਦ ਆ ਗਿਆ ਜਦੋਂ ਉਹਨਾਂ ਨੇ ਮੇਲੇ ਚੋਂ ਇਹ ਟਿਊਬ ਲਾਈਟ ਖਰੀਦੀ ਸੀ। ਅਸਲ ਵਿਚ ਇਹ ਉਹਨਾਂ ਨੇ ਨਹੀਂ ਸੀ ਖਰੀਦੀ ਬਲਕਿ ਉਹਨਾਂ ਦੇ ਬੇਟੇ ਨੇ ਇਹ ਲੈਣ ਲਈ ਜਿਦ ਕੀਤੀ ਸੀ। ਉਸ ਸਮੇਂ ਉਸਦੀ ਉਮਰ ਚਾਰ ਜਾਂ ਪੰਜ ਸਾਲ ਦੀ ਹੋਏਗੀ।

ਉਹਨਾਂ ਨੇ ਬੱਚੇ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਅਜਿਹੇ ਖਿਡਾਉਣੇ ਬਹੁਤੀ ਦੇਰ ਨਹੀਂ ਚੱਲਦੇ, ਜਲਦੀ ਹੀ ਖਰਾਬ ਹੋ ਜਾਂਦੇ ਹਨ, ਪਰ ਬੱਚੇ ਨੇ ਜਦੋਂ ਜਿਆਦਾ ਜ਼ਿਦ ਕੀਤੀ ਤਾਂ ਉਹਨਾਂ ਨੇ ਸੋਚਿਆ ਕਿ ਦਸ ਰੁਪਏ ਦੇ ਖਿਡਾਉਣੇ ਪਿੱਛੇ ਬੱਚੇ ਦਾ ਦਿਲ ਕਿਉਂ ਤੋੜਨਾ ਹੈ। ਉਹਨਾਂ ਨੇ ਉਹ ਟਿਊਬ ਲਾਈਟ ਖਰੀਦ ਲਈ। ਬੱਚਾ ਐਨੇ ਵਿਚ ਹੀ ਖੁਸ਼ ਹੋ ਗਿਆ। ਬੱਚੇ ਦੇ ਚਿਹਰੇ ਦੀ ਰੌਣਕ ਦੇਖ ਕੇ ਉਹ ਵੀ ਖੁਸ਼ ਹੋ ਗਏ।

ਅੱਜ 35 ਸਾਲ ਬਾਅਦ ਉਹੀ ਟਿਊਬ ਲਾਈਟ ਜਗਦੀ ਦੇਖ ਉਹਨਾਂ ਨੂੰ ਆਪਣੇ ਪੁੱਤਰ ਰੌਸ਼ਨ ਦਾ 4-5 ਸਾਲ ਵਾਲਾ ਚਿਹਰਾ ਯਾਦ ਆ ਗਿਆ ਜੋ ਹੁਣ ਆਪ 40 ਸਾਲ ਦਾ ਸੀ ਅਤੇ ਹੁਣ ਆਪ 5 ਸਾਲ ਦੇ ਬੱਚੇ ਦਾ ਪਿਉ ਸੀ। ਉਹ ਕਈ ਬਾਰ ਆਪਣੇ ਬੱਚੇ ਨੂੰ ਉਹ ਟਿਊਬ ਲਾਈਟ ਦਿਖਾਉਂਦਾ, ਪਰ ਹੱਥ ਨਾ ਲਾਉਣ ਦਿੰਦਾ। ਪਿਤਾ ਜੀ ਹੁਣ ਵੀ ਜਦੋਂ ਉਹ ਮੇਲੇ ਵਾਲਾ ਦਿਨ ਯਾਦ ਆਉਂਦਾ ਤਾਂ ਉਹਨਾਂ ਦੇ ਬੁਲ੍ਹਾਂ ਤੇ ਹਾਸੀ ਅਤੇ ਅੱਖਾਂ ਵਿਚ ਪਾਣੀ ਹੁੰਦਾ।

## ਮਤਰੇਆ

ਪ੍ਰਕਾਸ਼ ਅਜੇ ਦਸ ਸਾਲ ਦਾ ਹੀ ਸੀ ਕਿ ਉਸਦੀ ਮਾਂ ਚਲ ਬਸੀ। ਥੋਹੜੀ ਦੇਰ ਬਾਅਦ ਹੀ ਉਹਨਾਂ ਦੇ ਪਿਤਾ ਜੀ ਨੇ ਹੋਰ ਵਿਆਹ ਕਰਵਾ ਲਿਆ। ਚਾਰ ਸਾਲਾਂ ਵਿਚ ਹੀ ਉਸਦੀ ਮਤਰੇਈ ਮਾਂ ਨੇ ਇਕ ਮੁੰਡੇ ਅਤੇ ਇਕ ਕੁੜੀ ਨੂੰ ਜਨਮ ਦਿੱਤਾ। ਪ੍ਰਕਾਸ਼ ਆਪਣੇ ਛੋਟੇ ਭੈਣ, ਭਰਾ ਨਾਲ ਖੇਡਣਾ ਚਾਹੁੰਦਾ, ਪਰ ਉਸਦੀ ਮਤਰੇਈ ਮਾਂ ਪ੍ਰਕਾਸ਼ ਨੂੰ ਬਹੁਤ ਨਫ਼ਰਤ ਕਰਦੀ ਅਤੇ ਆਪਣੇ ਬੱਚਿਆਂ ਨਾਲ ਖੇਡਣ ਤੋਂ ਰੋਕਦੀ ਰਹਿੰਦੀ. ਉਸਦਾ ਵਰਤਾਉ ਆਪਣੇ ਬੱਚਿਆਂ ਪ੍ਰਤੀ ਅਤੇ ਪ੍ਰਕਾਸ਼ ਪ੍ਰਤੀ ਬਹੁਤ ਵੱਖਰਾ ਸੀ। ਉਸ ਨੇ ਤਾਂ ਪ੍ਰਕਾਸ਼ ਨੂੰ ਅੱਠਵੀਂ ਜਮਾਤ ਤੋਂ ਅੱਗੇ ਵੀ ਨਾ ਪੜ੍ਹਨ ਦਿੱਤਾ,





ਪਰ ਆਪਣੇ ਮੁਡੇ ਅਤੇ ਕੁੜੀ ਨੂੰ ਸ਼ਹਿਰ ਦੇ ਵਧੀਆ ਕਾਨਵੈਂਟ ਸਕੂਲ ਵਿਚ ਪੜ੍ਹਾਇਆ। ਪ੍ਰਕਾਸ਼ ਦੇ ਪਿਤਾ ਜਦੋਂ ਇਹ ਦੇਖਦੇ ਤਾਂ ਉਹਨਾਂ ਨੂੰ ਬਹੁਤ ਗੁੱਸਾ ਵੀ ਆਉਂਦਾ ਅਤੇ ਫਿਕਰ ਵੀ ਹੁੰਦਾ। ਉਹ ਅਕਸਰ ਸੋਚਦੇ ਕਿ ਜੇ ਕਿਤੇ ਉਹਨਾਂ ਨੂੰ ਕੁਝ ਹੋ ਗਿਆ ਤਾਂ ਪ੍ਰਕਾਸ਼ ਦੀ ਜ਼ਿੰਦਹਗੀ ਤਾਂ ਨਰਕ ਹੀ ਬਣ ਜਾਵੇਗੀ। ਇਹਨਾਂ ਸੋਚਾਂ ਵਿਚ ਹੀ ਉਹ ਬਿਮਾਰ ਰਹਿਣ ਲੱਗ ਪਏ ਅਤੇ ਜਲਦੀ ਹੀ ਸਵਰਗ ਸਿਧਾਰ ਗਏ।

ਪ੍ਰਕਾਸ਼ ਦੇ ਪਿਤਾ ਦੀ ਮੌਤ ਤੋਂ ਬਾਅਦ ਉਸ ਦੀ ਮਤਰੇਈ ਮਾਂ ਨੇ ਉਸ ਨੂੰ ਘਰੋਂ ਹੀ ਨਾ ਕੱਢਿਆ ਸਗੋਂ ਉਸਦੇ ਪਿਉ ਦੀ ਜਾਇਦਾਦ ਵਿਚੋਂ ਵੀ ਕੋਈ ਹਿੱਸਾ ਨਾ ਦਿਤਾ। ਪ੍ਰਕਾਸ਼ ਦੇ ਪਿਤਾ ਜੀ ਦੇ ਇਕ ਦੋਸਤ ਨੇ ਉਸ ਤੇ ਤਰਸ ਖਾ ਕੇ ਉਸ ਨੂੰ ਸਬਜੀ ਦੀ ਰੇਹੜੀ ਲਾਉਣ ਜੋਗੇ ਪੈਸੇ ਦੇ ਦਿੱਤੇ ਅਤੇ ਇਕ ਛੋਟਾ ਜਿਹਾ ਕਮਰਾ ਵੀ ਕਿਰਾਏ ਤੇ ਲੈ ਦਿੱਤਾ। ਜਲਦੀ ਹੀ ਪ੍ਰਕਾਸ਼ ਦੀ ਰੇਹੜੀ ਦਾ ਕੰਮ ਚੰਗਾ ਚੱਲ ਪਿਆ। ਉਸ ਨੇ ਇਕ ਦੁਕਾਨ ਕਿਰਾਏ ਤੇ ਲੈ ਕੇ ਸਬਜੀ ਦੀ ਦੁਕਾਨ ਖੋਲ੍ਹ ਲਈ ਅਤੇ ਰਹਿਣ ਲਈ ਵੱਡਾ ਕਮਰਾ ਵੀ ਕਿਰਾਏ ਤੇ ਲੈ ਲਿਆ, ਜਿਸਦੇ ਨਾਲ ਰਸੋਈ ਅਤੇ ਗੁਸਲਖਾਨਾ ਵੀ ਸੀ। ਉਸਦੀ ਇਮਾਨਦਾਰੀ, ਸਭ ਨਾਲ ਪਿਆਰ ਨਾਲ ਗੱਲ ਕਰਨ ਕਰਕੇ ਉਸਦਾ ਕੰਮ ਵਧੀਆ ਚੱਲ ਪਿਆ। ਪ੍ਰਕਾਸ਼ ਨੇ ਆਪਣੇ ਪਿਤਾ ਜੀ ਦੇ ਦੋਸਤ ਦੇ ਪੈਸੇ ਵੀ ਮੋੜ ਦਿੱਤੇ, ਜਿਸ ਕਰਕੇ ਉਹ ਪ੍ਰਕਾਸ਼ ਦਾ ਬਹੁਤ ਧਿਆਨ ਰੱਖਦੇ।

ਹੌਲੀ-ਹੌਲੀ ਪ੍ਰਕਾਸ਼ ਨੇ ਦੁਕਾਨ ਵੀ ਖਰੀਦ ਲਈ ਅਤੇ ਕੁਝ ਦੇਰ ਬਾਅਦ ਦੋ ਕਮਰਿਆ ਦਾ ਛੋਟਾ, ਪਰ ਸਾਫ-ਸੁਥਰਾ ਘਰ ਵੀ। ਦੂਜੇ ਪਾਸੇ ਪ੍ਰਕਾਸ਼ ਦਾ ਮਤਰੇਆ ਭਰਾ ਭੈੜੀ ਸੰਗਤ ਵਿਚ ਪੈ ਗਿਆ ਅਤੇ ਉਸ ਨੇ ਆਪਣੀ ਸਕੀ ਮਾਂ ਅਤੇ ਭੈਣ ਨੂੰ ਘਰੋਂ ਕੱਢ ਦਿੱਤਾ। ਜਦੋਂ ਪ੍ਰਕਾਸ਼ ਨੂੰ ਇਸ ਗੱਲ ਦਾ ਪਤਾ ਲੱਗਿਆ ਤਾਂ ਉਹ ਧਰਮਸ਼ਾਲਾ ਵਿਚ ਦਿਨ ਕਟੀ ਕਰ ਰਹੀ ਆਪਣੀ ਮਤਰੇਈ ਮਾਂ ਅਤੇ ਭੈਣ ਨੂੰ ਆਪਣੇ ਘਰ ਲੈ ਆਇਆ। ਪ੍ਰਕਾਸ਼ ਦੀ ਮਤਰੇਈ ਮਾਂ ਉਸ ਨਾਲ ਆ ਤਾਂ ਗਈ ਪਰ ਉਸ ਨੂੰ ਬਹੁਤ ਪਛਤਾਵਾ ਹੋ ਰਿਹਾ ਸੀ ਅਤੇ ਸ਼ਰਮ ਵੀ ਆ ਰਹੀ ਸੀ ਕਿ ਉਸਦੇ ਭੈੜੇ ਸਲੂਕ ਦੇ ਬਾਵਜੂਦ ਵੀ ਪ੍ਰਕਾਸ਼ ਉਹਨਾਂ ਦਾ ਕਿੰਨਾ ਧਿਆਨ ਰੱਖ ਰਿਹਾ ਸੀ।

ਕੁਝ ਦੇਰ ਬਾਅਦ ਪ੍ਰਕਾਸ਼ ਨੇ ਇਕ ਚੰਗਾ ਜਿਹਾ ਮੁੰਡਾ ਲੱਭ ਕੇ ਆਪਣੀ ਮਤਰੇਈ ਭੈਣ ਦਾ ਵਿਆਹ ਵੀ ਕਰ ਦਿੱਤਾ। ਦੂਜੇ ਪਾਸੇ ਪ੍ਰਕਾਸ਼ ਦਾ ਮਤਰੇਆ ਭਰਾ ਨਸ਼ਿਆਂ ਵਿਚ ਪੈ ਗਿਆ ਅਤੇ ਜੂਏ ਦੀ ਆਦਤ ਕਰਕੇ ਆਪਣਾ ਘਰ ਵੀ ਵੇਚ ਬੈਠਾ। ਪ੍ਰਕਾਸ਼ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਉਸ ਨੇ ਆਪਣੀ ਮਤਰੇਈ ਮਾਂ ਨੂੰ ਪੁੱਛਿਆ ਕਿ ਚਮਨ ਨੂੰ ਘਰ ਲੈ ਆਏ, ਪਰ ਉਸਦੀ ਮਾਂ ਇਸਦੇ ਹੱਕ ਵਿਚ ਨਹੀਂ ਸੀ। ਉਹ ਨਹੀਂ ਸੀ ਚਾਹੁੰਦੀ ਕਿ ਚਮਨ ਕਰਕੇ ਪ੍ਰਕਾਸ਼ ਨੂੰ ਵੀ ਕੋਈ ਦਿਕਤ ਆਵੇ। ਪ੍ਰਕਾਸ਼ ਨੇ ਆਪਣੀ ਮਾਂ ਨੂੰ ਮਨਾ ਹੀ ਲਿਆ ਅਤੇ ਚਮਨ ਨੂੰ ਵੀ ਘਰ ਲੈ ਆਇਆ। ਅਸਲ ਵਿਚ ਉਹ ਸੋਚਦਾ ਸੀ ਕਿ ਉਹ ਵੀ ਜਦੋਂ ਮੁਸੀਬਤ ਵਿਚ ਸੀ ਤਾਂ ਕਿਸੇ ਦੀ ਸਹਾਇਤਾ ਕਰਕੇ ਹੀ, ਉਹ ਸੰਭਲਿਆ ਸੀ।

ਸਭ ਤੋਂ ਪਹਿਲਾਂ ਤਾਂ ਪ੍ਰਕਾਸ਼ ਨੇ ਚਮਨ ਦਾ ਇਲਾਜ ਕਰਵਾ ਕੇ ਉਸ ਨੂੰ ਨਸ਼ਿਆਂ ਤੋਂ ਦੂਰ ਕੀਤਾ ਅਕੇ ਫੇਰ ਆਪਣੇ ਕੋਲੋਂ ਪੈਸੇ ਖਰਚ ਕਰਕੇ ਉਸ ਨੂੰ ਵੀ ਆਪਣੀ ਦੁਕਾਨ ਦੇ ਨੇੜੇ ਹੀ ਫਲਾਂ ਦੀ ਦੁਕਾਨ ਸ਼ੁਰੂ ਕਰਵਾ ਦਿੱਤੀ।

ਪ੍ਰਕਾਸ਼ ਦੀ ਹਰ ਕੋਈ ਪ੍ਰਸੰਸਾ ਕਰਦਾ ਕਿ ਉਸ ਨੇ ਆਪਣੀ ਮਤਰੇਈ ਮਾਂ, ਭੈਣ ਅਤੇ ਭਰਾ ਦੀ ਕਿੰਨੀ ਸਹਾਇਤਾ ਕੀਤੀ। ਪ੍ਰਕਾਸ਼ ਇਸ ਕਰਕੇ ਖੁਸ਼ ਸੀ ਆਖਿਰ ਇਸ ਦੁਨੀਆਂ ਵਿਚ ਉਸਦਾ ਆਪਣਾ ਤਾਂ ਕੋਈ ਹੈ.

raivndersodih51 @gmial. com

# 11 ਜੁਲਾਈ ਤੋਂ ਸ਼ੁਰੂ ਹੋ ਰਹੇ ਕੈਨੇਡਾ ਕੱਪ ਦੇ ਪ੍ਰੀਮੀਅਰ ਵਰਗ ਵਿੱਚ ਚੈਂਪੀਅਨਜ਼ ਦੇ ਮੈਚ ਹੋਣਗੇ ਖਿੱਚ ਦਾ ਕੇਂਦਰ,ਕੌਮਾਂਤਰੀ ਟੂਰਨਾਮੈਂਟ ਦੀਆਂ ਤਿਆਰੀਆਂ ਮੁਕੰਮਲ

**ਵੈਨਕੂਵਰ, ਜੁਲਾਈ (ਮਲਕੀਤ ਸਿਘ)** ਵੈਸਟ ਕੋਸਟ ਫੀਲਡ ਹਾਕੀ ਸੁਸਾਇਟੀ ਵਲੋਂ ਕੈਨੇਡਾ ਕੱਪ ਫੀਲਡ ਹਾਕੀ ਕੌਮਾਂਤਰੀ ਫੀਲਡ ਹਾਕੀ ਟੂਰਨਾਮੈਂਟ 11 ਜੁਲਾਈ ਤੋਂ 13 ਜੁਲਾਈ ਤੱਕ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਕਰਵਾਇਆ ਜਾ ਰਿਹਾ ਹੈ।ਕਲੱਬ ਵਲੋਂ ਹਰ ਸਾਲ ਦੀ ਤਰਾਂ ਇਸ ਵਾਰ ਵੀ ਟੂਰਨਾਮੈਂਟ ਨੂੰ ਸਫਲ ਬਾਣਉਣ ਲਈ ਤਿਆਰੀਆਂ ਜ਼ੋਰਾਂ ਤੇ ਚੱਲ ਰਹੀਆਂ ਹਨ।ਹਰ ਸਾਲ ਦੀ ਤਰਾਂ ਟੂਰਨਾਮੈਂਟ ਦੇ ਸਾਰੇ ਮੈਚ ਟੈਮਾਨਵਿਸ ਪਾਰਕ ਦੇ ਐਸਰੋਟਰਫ ਮੈਦਾਨ ਵਿੱਚ ਖੇਡੇ ਜਾਣਗੇ। ਟੂਰਨਾਮੈਂਟ ਬਾਰੇ ਜਾਣਕਾਰੀ ਦਿੰਦਿਆਂ ਜੱਸੀ ਮਾਂਗਟ ਤੇ ਊਧਮ ਸਿੰਘ ਹੁੰਦਲ ਨੇ ਦੱਸਿਆ ਕਿ ਪ੍ਰੀਮੀਅਰ ਵਰਗ ਵਿੱਚ ਚੋਟੀ ਦੀਆਂ 6 ਟੀਮਾਂ ਖੇਡਣਗੀਆਂ ਜਿਹਨਾਂ ਵਿੱਚ ਹਰ ਸਾਲ ਵਾਂਗ ਕੌਮਾਂਤਰੀ ਸਿਤਾਰੇ ਖੇਡਣਗੇ। ਕੰਪੀਟੀਟਿਵ(ਸੋਸ਼ਲ) ਵਰਗ ਵਿੱਚ 11 ਟੀਮਾਂ ਦੀ ਹਾਜ਼ਰੀ ਲੱਗੇਗੀ।ਇਸੇ ਤਰਾਂ ਮਹਿਲਾ ਵਰਗ ਵਿੱਚ ਖੇਡ ਰਹੀਆਂ 4 ਟੀਮਾਂ ਵਿੱਚ ਕੈਨੇਡਾ ਦੀ ਮੌਜੂਦਾ ਜੂਨੀਅਰ ਨੈਸ਼ਨਲ ਟੀਮ ਤੋਂ ਬਾਕੀ ਟੀਮਾਂ ਵਿੱਚ ਕਈ ਕੌਮਾਂਤਰੀ ਖਿਡਾਰਨਾਂ ਦੇ ਖੇਡਣ ਦੀ ਸੰਭਾਵਨਾ ਹੈ। ਪ੍ਰੀਮੀਅਰ ਵਰਗ ਦੇ ਪੂਲ ਏ ਵਿੱਚ ਮੇਜ਼ਬਾਨ ਵੈਸਟ ਕੋਸਟ ਤੇ ਤਸਵਰ ਇਲੈਵਨ ਦੀ ਸਾਂਝੀ ਟੀਮ ਤੋਂ ਇਲਾਵਾ ਯੂਬਾ ਬ੍ਰਦਰਜ਼ ਤੇ ਯੂਨਾਈਟਡ ਬ੍ਰਰਦਰਜ਼ ਸਰੀ ਕਲੱਬਾਂ ਨੇ ਵੀ ਮਿਲ ਇੱਕ ਸਾਂਝੀ ਟੀਮ ਖਿਡਾਉਣ ਦਾ ਫੈਸਲਾ ਲਿਆ ਹੈ।ਇਸ ਵਰਗ ਵਿੱਚ ਤੀਜੀ ਟੀਮ ਕੈਨੇਡਾ ਦੀ ਜੂਨੀਅਰ ਟੀਮ(ਅੰਡਰ-21) ਖੇਡੇਗੀ।ਜੂਨੀਅਰ ਵਿਸ਼ਵ ਕੱਪ ਦੀ ਤਿਆਰੀ ਵਜੋਂ ਨੈਸ਼ਨਲ ਜੂਨੀਅਰ ਟੀਮ ਲਈ ਇਹ ਟੂਰਨਾਮੈਂਟ ਵਧੀਆ ਪਲੇਟਫਾਰਮ ਸਾਬਿਤ ਹੋਵੇਗਾ। ਪ੍ਰੀਮੀਅਰ ਵਰਗ ਦੇ ਪੂਲ ਬੀ ਵਿੱਚ ਵਿੰਨੀਪੈਗ ਰੋਵਰਜ਼,ਇੰਡੀਆ ਕਲੱਬ ਤੇ ਦਸ਼ਮੇਸ਼ ਕਲੱਬ ਸਰੀ ਦੀਆਂ ਟੀਮਾਂ ਖੇਡਣਗੀਆਂ।ਪ੍ਰੀਮੀਅਰ ਵਰਗ ਦੇ ਮੈਚ 11 ਜੁਲਾਈ ਨੂੰ ਸਵੇਰੇ ਸ਼ੁਰੂ ਹੋ ਜਾਣਗੇ।ਇਸ ਮੌਕੇ ਤਰਨੀ ਹੇਅਰ,ਨਵੀ ਦਿਓਲ,ਹਰਵਿੰਦਰ ਸਿੰਘ,ਗਗਨ ਥਿੰਦ,ਸੁੱਖ ਗਿੱਲ,ਮਲਕੀਤ ਸਿੰਘ ਤੇ ਸਤਵੰਤ ਅਟਵਾਲ ਹਾਜ਼ਰ ਸਨ।



ਵੈਸਟ ਕੋਸਟ ਫੀਲਡ ਹਾਕੀ ਸੁਸਾਇਟੀ ਦੇ ਮੈਂਬਰ ਕੈਨੇਡਾ ਕੱਪ ਦਾ ਪੋਸਟਰ ਜਾਰੀ ਕਰਦੇ ਹੋਏ।




# 19ਵਾਂ ਵਰਸ਼ਾਵਾਸ ਤਕਸ਼ਿਲਾ ਮਹਾਂਬੁੱਧ ਵਿਹਾਰ 'ਚ ਸ਼ੁਰੂ ਹੋਇਆ:ਭਿਖਸ਼ੂ ਪ੍ਰੀਗਿਆ ਬੋਧੀ









**ਜਲੰਧਰ, (ਪਰਮਜੀਤ ਜੱਸਲ)**- ਤਕਸ਼ਿਲਾ ਮਹਾਂਬੁੱਧ ਵਿਹਾਰ, ਕਾਦੀਆਂ ਵਿਖੇ ਭੰਤੇ ਪ੍ਰੀਗਿਆ ਬੋਧੀ ਦੀ ਅਗਵਾਈ ਵਿੱਚ ਭਿਖਸ਼ੂਆਂ ਵਲੋਂ ਵੀਰਵਾਰ ਤੋਂ 19 ਵਾਂ ਵਰਸ਼ਾਵਾਸ" ਸ਼ੁਰੂ ਹੋ ਗਿਆ ਹੈ, ਜੋ ਤਿੰਨ ਮਹੀਨੇ ਭਾਵ "ਅਸ਼ੋਕਾ ਵਿਜੈ ਦਸਮੀਂ " ਤੱਕ ਚੱਲੇਗਾ। ਇਹ "ਵਰਸ਼ਾਵਾਸ" ਤਥਾਗਤ ਬੁੱਧ ਦੇ ਸਮੇਂ ਤੋਂ ਚੱਲਿਆ ਆ ਰਿਹਾ। ਇਸ ਵਿੱਚ ਭਿਖਸ਼ੂ ਸੰਘ ਵਲੋਂ ਇਲਾਕੇ ਵਿੱਚ ਭਿਖਸ਼ੂਆਂ ਨੂੰ ਆ ਰਹੀਆਂ ਸਮੱਸਿਆਵਾਂ, ਕਠਿਨਾਈਆਂ, ਮੁਸ਼ਕਿਲਾਂ ਬਾਰੇ ਚਰਚਾਵਾਂ ਹੁੰਦੀਆਂ ਹਨ। ਉਨਾਂ ਦੇ ਹੱਲ ਲਈ ਡੂੰਘੀਆਂ ਵਿਚਾਰਾਂ ਕੀਤੀਆਂ ਜਾਂਦੀਆਂ ਹਨ ਤਾਂ ਜੋ ਬੁੱਧ ਧੰਮ ਦੇ ਪ੍ਰਚਾਰ ਤੇ ਪ੍ਰਸਾਰ ਵਿੱਚ ਕੋਈ ਦਿੱਕਤ ਜਾਂ ਪ੍ਰੇਸ਼ਾਨੀ ਨਾ ਆਵੇ। ਆਲੇ -ਦੁਆਲੇ ਦੇ ਸਾਰੇ ਭਿਖਸ਼ੂ ਤਕਸ਼ਿਲਾ ਮਹਾਬੁੱਧ ਵਿਹਾਰ ਵਿੱਚ ਇਕੱਠੇ ਹੁੰਦੇ ਹਨ। ਬੁੱਧ ਧੰਮ ਬਾਰੇ ਉਪਾਸਕਾਂ ਅਤੇ ਉਪਾਸਕਾਵਾਂ ਨੂੰ ਇਸ 'ਤੇ ਚੱਲਣ ਦੇ ਨਿਯਮ ਦੱਸੇ ਜਾਂਦੇ ਹਨ। ਤਰੀਸ਼ਰਨ,ਪੰਚਸ਼ੀਲ ਗ੍ਰਹਿਣ ਕਰਨ ਲਈ ਪ੍ਰੇਰਿਆ ਜਾਂਦਾ ਹੈ। ਤਥਾਗਤ ਬੁੱਧ ਦੁਆਰਾ ਦਿੱਤੇ ਅਸ਼ਟਾਂਗ ਮਾਰਗ ਬਾਰੇ ਵੀ ਚਰਚਾ ਹੁੰਦੀ ਹੈ। ਮਨੁੱਖਤਾ ਵਿੱਚ ਸਮਾਨਤਾ, ਸੁਤੰਤਰਤਾ ਤੇ ਭਾਈਚਾਰਾ ਬਣਾਈ ਰੱਖਣ ਲਈ ਪ੍ਰੇਰਨਾ ਦੇ ਨਾਲ- ਨਾਲ ਮੈਡੀਟੇਸ਼ਨ ਵੀ ਕੀਤਾ ਜਾਂਦਾ ਹੈ । ਤਕਸ਼ਿਲਾ ਮਹਾਂਬੁੱਧ ਵਿਹਾਰ, ਕਾਦੀਆਂ ਵਿੱਚ ਸ਼ੁਰੂ ਹੋਏ "19ਵੇਂ ਵਰਸ਼ਾਵਾਸ " 'ਤੇ ਪੰਜਾਬ ਬੁੱਧਿਸਟ ਸੁਸਾਇਟੀ (ਰਜਿ) ਪੰਜਾਬ ਦੇ ਪ੍ਰਧਾਨ ਐਡਵੋਕੇਟ ਹਰਭਜਨ ਸਾਂਪਲਾ ਨੇ ਬੋਧੀ ਉਪਾਸਕਾਂ ਅਤੇ ਉਪਾਸਕਾਵਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਰਸ਼ਾਵਾਸ ਵਿੱਚ ਦਿਲ ਖੋਲ੍ਹ ਕੇ ਭਿਖਸ਼ੂਆਂ ਨੂੰ ਦਾਨ ਕੀਤਾ ਜਾਵੇ। ਉਪਾਸਕ ਭਿਖਸ਼ੂ ਸੰਘ ਨੂੰ ਜਾਂ ਪੰਜਾਬ ਬੁੱਧਿਸਟ ਸੁਸਾਇਟੀ, (ਰਜਿ)ਪੰਜਾਬ ਦੇ ਖਾਤੇ 'ਚ ਦਾਨ ਜਮਾ ਕਰਵਾ ਸਕਦੇ ਹਨ। ਤੁਸੀਂ ਭਿਖਸ਼ੂਆਂ ਨੂੰ ਭੋਜਨ, ਚੀਵਰ, ਦਵਾਈਆਂ ,ਦੁੱਧ,ਫ਼ਲ ਅਤੇ ਰੋਜ਼ਾਨਾ ਵਰਤੋਂ ਵਾਲੀਆਂ ਵਸਤੂਆਂ ਵੀ ਦਾਨ ਕਰ ਸਕਦੇ ਹੋ। ਜਿਸ ਨਾਲ ਤੁਹਾਡੇ ਮਨ ਨੂੰ ਸ਼ਾਂਤੀ ਮਿਲ ਸਕਦੀ ਹੈ। ਤਥਾਗਤ ਬੁੱਧ ਨੇ ਹਮੇਸ਼ਾ ਹੀ ਵਿਸ਼ਵ ਨੂੰ ਸ਼ਾਂਤੀ ਅਤੇ ਪ੍ਰੇਮ ਦਾ ਸੰਦੇਸ਼ ਦਿੱਤਾ ਹੈ। ਜਿਸ ਨਾਲ ਮਨੁੱਖਤਾ ਆਪਣੀ ਜ਼ਿੰਦਗੀ ਸੁੱਖਮਈ ਬਤੀਤ ਕਰ ਸਕਦੀ ਹੈ।






# ਫਫੜੇ ਔਰਤ ਦੇ-ਹੈਂਕੜ ਆਦਮੀ ਦੀ (ਰੰਗ ਵਿੱਚ ਭੰਗ)

ਫਫੜੇ ਲਾਉਣਾ ਹੁੰਦਾ ਹੈ ਝੂਠ-ਮੂਠ ਦਾ ਭਰਮ ਭੁਲੇਖਾ ਪਾਉਣਾ, ਚਲਾਕੀਆਂ ਕਰਨਾ, ਚੁਸਤੀ ਦਿਖਾਉਣਾ ਕਈ ਵਾਰ ਇਨ੍ਹਾਂ ਨੂੰ ਫਫੇਕੁੱਟਣੀਆਂ ਵੀ ਕਿਹਾ ਜਾਂਦਾ ਹੈ, ਇਹ ਔਰਤਾਂ ਦਾ ਕਿਰਦਾਰ ਹੁੰਦਾ ਹੈ।ਹੈਂਕੜ ਤੋਂ ਭਾਵ ਆਕੜ, ਹੰਕਾਰ, ਇਹ ਪ੍ਰਵਿਰਤੀ ਆਮ ਤੌਰ ਤੇ ਆਦਮੀ ਵਿੱਚ ਹੁੰਦੀ ਹੈ। ਹਰ ਮਨੁੱਖ ਜੀਵ ਦੇ ਮਨ ਵਿੱਚ ਦੋ ਤਰ੍ਹਾਂ ਦੇ ਸਾਨ੍ਹਾਂ ਦੇ ਭੇੜ ਹੁੰਦੇ ਹਨ, ਇੱਕ ਹੁੰਦਾ ਹੈ ਸਕਾਰਾਤਮਕ ਸੋਚ ਵਾਲਾ ਦੂਸਰਾ ਨਕਾਰਾਤਮਕ ਸੋਚ ਵਾਲਾ, ਜਿਸਨੂੰ ਜ਼ਿਆਦਾ ਪੱਠੇ ਪਾਉਗੇ, ਉਸੇ ਦੀ ਜਿੱਤ ਹੋਵੇਗੀ ਉਹੀ ਤੁਹਾਡੇ ਅੰਦਰ ਘਰ ਕਰ ਜਾਵੇਗਾ, ਉਹੋ ਜਿਹੀ ਆਦਤ ਬਣ ਜਾਵੇਗੀ। ਮਾੜੀ ਸੋਚ ਹੁੰਦੀ ਹੈ ਕਿਸੇ ਦਾ ਬੁਰਾ ਤੱਕਣਾ, ਨਸ਼ਿਆਂ ਦੇ ਆਦੀ ਹੋਣਾ, ਅਣਕਿਆਸਾ ਦਬਾਓ ਪਾਉਣਾ, ਲਿੰਗ ਪ੍ਰਵਿਰਤੀ ਵੱਲ, ਬੇਥੌਹਾ ਉਲਾਰ ਹੋਣਾ, ਇਸ ਪ੍ਰਕਾਰ ਦੀਆਂ ਆਦਤਾਂ ਦੇ ਨਤੀਜੇ ਭੈੜੇ ਹੁੰਦੇ ਹਨ।

ਆਦਰਸ਼ ਮਨੁੱਖ ਆਪਣੇ ਆਲੇ ਦੁਆਲੇ ਦੀ ਬਨਸਪਤੀ, ਜੀਵ ਜੰਤੂਆਂ, ਦੀ ਭਲਾਈ ਵਿੱਚ ਲੱਗ ਕੇ ਪ੍ਰਭੂ ਦੇ ਗੁਣਗਾਨ ਵਿੱਚ ਮਸਤ ਰਹਿੰਦਾ ਹੈ ਗ੍ਰਿਹਸਥੀ ਦੇ ਵਿੱਚ ਰਹਿ ਕੇ ਕੁਦਰਤ ਨਾਲ ਇੱਕ ਮਿਕ ਹੋ ਕੇ ਆਪਣੇ ਜੀਵਨ ਨੂੰ ਸਾਧਦਾ ਹੈ, ਆਪਣੇ ਜੀਵਨ ਸਾਥੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ, ਉਸ ਵਾਸਤੇ ਕੋਈ ਵੀ ਕੁਰਬਾਨੀ ਕਰਨ ਲਈ ਤਿਆਰ ਰਹਿੰਦਾ ਹੈ, ਹੀਰ-ਰਾਂਝਾ : ਸੋਹਣੀ- ਮਹੀਂਵਾਲ : ਮਿਰ-ਜ਼ਾ-ਸਾਹਿਬਾਂ: ਸ਼ੀਰੀਂ-ਫਰਿਹਾਦ : ਰੰਗ-ਬਿਰੰਗੇ, ਸੱਚੇ-ਸੁੱਚੇ ਪਿਆਰ ਦੀਆਂ ਉਦਾਹਰਨਾਂ ਹਨ। "ਸਾਧਣੀ ਬਣ ਜਾਉਂਗੀ, ਬਹਿਜੂੰਗੀ ਸਾਧ ਦੇ ਡੇਰੇ": "ਤੇਰਿਆਂ ਦੁੱਖਾਂ ਦਾ ਮਾਰਾ,ਜੱਟ ਸਾਧ ਹੋ ਗਿਆ": ਬਹਿਜਾ ਮੇਰੇ ਸਾਈਕਲ ਤੇ, ਟੱਲੀਆਂ ਵਜਾਉਂਦਾ ਜਾਊਂ" ਇਹ ਸਾਰੇ ਵਿਅੰਗ, ਸਮਾਜਿਕ ਰਿਸ਼ਤਿਆਂ ਦਾ ਆਧਾਰ ਬਣਦੇ ਹਨ।ਸ਼ਾਨਦਾਰ ਮਨੁੱਖ ਉਹ ਹੈ,ਜੋ ਦੂਸਰਿਆਂ ਦੇ ਕੰਮ ਕਰਕੇ ਬਦਲੇ ਵਿੱਚ, ਉਨ੍ਹਾਂ ਤੋਂ ਕੋਈ ਉਮੀਦ ਨਹੀਂ ਰੱਖਦਾ।



ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639



ਅੱਜ ਕੱਲ ਦਾ ਬੰਦਾ ਤਾਂ ਬਾਪੂ ਦੇ ਤਿੰਨ ਬਾਂਦਰਾਂ ਦਾ ਮਿਲਗੋਭਾ ਬਣ ਗਿਆ ਹੈ : ਨਾ ਬੁਰਾ ਦੇਖਦੇ ਹਨ,ਨਾ ਬੁਰਾ ਸੁਣਦੇ ਹਨ,ਨਾ ਬੁਰਾ ਬੋਲਦੇ ਹਨ। ਮੋਬਾਈਲ-ਮੈਨ ਬਣ ਗਏ ਹਨ।ਸਭ ਕੰਮ ਵਿਸਾਰ ਕੇ ਮੋਬਾਇਲ ਦੇ ਪਿੱਛੇ ਪਏ ਹਨ, ਜਿਸ ਨੂੰ ਦੇਖ ਦੇਖ ਝੂਠ ਦਾ ਪਸਾਰਾ ਹੋ ਰਿਹਾ ਹੈ।ਮੋਬਾਇਲ ਦੀ ਸਿਰਫ਼ ਜ਼ਰੂਰਤ ਵੇਲੇ ਵਰਤੋਂ ਕੀਤੀ ਜਾਵੇ, ਤਾਂ ਹੀ ਗੁਣਕਾਰੀ ਹੁੰਦਾ ਹੈ। ਮੋਬਾਈਲਾਂ ਤੇ ਵਟਸਐੱਪ, ਟਿਕਟੌਕ ਜਾਂ ਯੂਟੀਊਬ ਤੇ ਰੁਝੇ ਰਹਿਣਾ, ਰਿਸ਼ਤਿਆਂ ਵਿੱਚ ਫਿੱਕ ਪਾਉਂਦਾ ਹੈ।ਰਿਸ਼ਤੇ ਰਿਸ਼ਤੇ ਨ੍ਹੀਂ ਰਹਿੰਦੇ। ਫਿਰ ਮਨੁੱਖ ਇਕੱਲਤਾ ਦਾ ਸ਼ਿਕਾਰ ਬਣਦਾ ਹੈ। ਪੈਸੇ ਦਾ ਯੁੱਗ ਆ ਗਿਆ ਹੈ।ਹਰ ਚੀਜ਼ ਪੈਸੇ ਨਾਲ ਹੀ ਤੋਲੀ ਜਾਂਦੀ ਹੈ। ਨਿੱਕੀ ਨਿੱਕੀ ਗੱਲ ਤੇ ਰੰਗ ਵਿੱਚ ਭੰਗ ਪੈਂਦੀ ਰਹਿੰਦੀ ਹੈ। ਕਲਯੁਗ ਆ ਗਿਆ ਹੈ, ਲੋਕਾਂ ਦੀ ਸੋਚ ਦੂਰਦਰਸ਼ੀ ਨਹੀਂ ਰਹੀ, ਥੋੜੇ ਜਿਹੇ ਨਿੱਜੀ ਹਿੱਤਾਂ ਪਿੱਛੇ, ਕਤਲੋਗਾਰਤ ਹੁੰਦੀ ਰਹਿੰਦੀ ਹੈ। ਅਖਬਾਰ ਹਰ ਰੋਜ਼ ਕਤਲਾਂ ਦੀਆਂ ਸੁਰਖੀਆਂ ਨਾਲ ਭਰੇ ਰਹਿੰਦੇ ਹਨ, ਕੋਈ ਗੁੱਸੇ ਵਿੱਚ ਆ ਕੇ ਆਪਣੀ ਪਤਨੀ ਦਾ ਕਤਲ ਕਰ ਦਿੰਦਾ ਹੈ। ਕੋਈ ਦੋਸਤ, ਮਿੱਤਰ, ਇਕੱਠੇ ਸ਼ਰਾਬ ਦੀ ਪਾਰਟੀ ਕਰਦੇ ਹਨ, ਬਾਅਦ ਵਿੱਚ ਕਿਸੇ ਨਾ ਕਿਸੇ ਗੱਲ ਤੇ ਆ ਕੇ ਗੁੱਸੇ ਵਿੱਚ ਮਿੱਤਰ ਦਾ ਹੀ ਕਤਲ ਕਰ ਦਿੰਦੇ ਹਨ। ਕਈ ਵਪਾਰਕ, ਰਾਜਨੀਤਿਕ ਰੰਜਿਸ਼ਾਂ ਕਰਕੇ ਕਤਲ ਕਰਦੇ ਰਹਿੰਦੇ ਹਨ। ਕਈ ਕੱਟੜਵਾਦੀ ਧਾਰਮਿਕ ਮੁੱਦਾ ਬਣਾ ਕੇ ਕਤਲ ਕਰ ਦਿੰਦੇ ਹਨ। ਇਹ ਸਾਰਾ ਚੱਕਰਵਿਊ ਮਨੁੱਖਤਾ ਲਈ ਘਾਤਕ ਹੈ।

ਸਮਾਜ ਵੀਕਲੀ ਨਿਊਜ਼

# ਲੋਕਾਂ ਨੂੰ ਵੋਟ ਦੇ ਹੱਕ ਤੋਂ ਵਾਂਝਾ ਹੋਣ ਤੋਂ ਬਚਾਉਣਗੀਆਂ ਸੁਪਰੀਮ ਕੋਰਟ ਦੀਆਂ ਟਿੱਪਣੀਆਂ: ਕਾਂਗਰਸ

**ਨਵੀਂ ਦਿੱਲੀ।** ਕਾਂਗਰਸ ਨੇ ਅੱਜ ਕਿਹਾ ਕਿ ਬਿਹਾਰ ਵਿੱਚ ਚੋਣ ਕਮਿਸ਼ਨ ਵੱਲੋਂ ਕੀਤੀ ਜਾ ਰਹੀ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ’ਤੇ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਕਿਸੇ ਵੀ ਪਟੀਸ਼ਨਰ ਨੇ ਕੋਈ ਰੋਕ ਨਹੀਂ ਮੰਗੀ ਸੀ। ਕਾਂਗਰਸ ਨੇ ਆਸ ਪ੍ਰਗਟਾਈ ਕਿ ਇਹ ਫੈਸਲਾ ਵੱਡੀ ਗਿਣਤੀ ਵੋਟਰਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾਂ ਹੋਣ ਤੋਂ ਬਚਾਏਗਾ।

ਸੁਪਰੀਮ ਕੋਰਟ ਨੇ ਵੀਰਵਾਰ ਨੂੰ ਚੋਣ ਕਮਿਸ਼ਨ ਨੂੰ ਬਿਹਾਰ ਵਿੱਚ ਚੱਲ ਰਹੀ ਆਪਣੀ ਵਿਸ਼ੇਸ਼ ਸੁਧਾਈ ਦੌਰਾਨ ਆਧਾਰ, ਵੋਟਰ ਸ਼ਨਾਖਤੀ ਕਾਰਡ ਅਤੇ ਰਾਸ਼ਨ ਕਾਰਡਾਂ ਨੂੰ ਵੈਧ ਦਸਤਾਵੇਜ਼ਾਂ ਵਜੋਂ ਵਿਚਾਰਨ ਲਈ ਕਿਹਾ ਹੈ। ਬਿਹਾਰ ਵਿੱਚ ਇਸ ਸਾਲ ਦੇ ਅਖ਼ੀਰ ਵਿੱਚ ਚੋਣਾਂ ਹੋਣੀਆਂ ਹਨ। ਵਿਸ਼ੇਸ਼ ਸੁਧਾਈ ਨੂੰ ਸੰਵਿਧਾਨਕ ਫ਼ਤਵਾ ਕਰਾਰ ਦਿੰਦਿਆਂ, ਜਸਟਿਸ ਸੁਧਾਂਸ਼ੂ ਧੂਲੀਆ ਅਤੇ ਜੌਏਮਾਲਿਆ ਬਾਗ਼ਚੀ ਨੇ ਚੋਣ ਕਮਿਸ਼ਨ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਰਾਕੇਸ਼ ਦਿਵੇਦੀ ਦੀਆਂ ਦਲੀਲਾਂ ’ਤੇ ਵਿਚਾਰ ਕੀਤਾ ਅਤੇ ਚੋਣ ਕਮਿਸ਼ਨ ਨੂੰ ਬਿਹਾਰ ਵਿੱਚ ਸੱਤ ਕਰੋੜ ਤੋਂ ਵੱਧ ਵੋਟਰਾਂ ਨਾਲ ਮੁਹਿੰਮ ਜਾਰੀ ਰੱਖਣ ਦੀ ਇਜਾਜ਼ਤ ਦਿੱਤੀ। ਕਾਂਗਰਸ ਦੇ ਜਨਰਲ ਸਕੱਤਰ ਤੇ ਇੰਚਾਰਜ ਸੰਚਾਰ ਜੈਰਾਮ ਰਮੇਸ਼ ਨੇ ‘ਐਕਸ’ ਉੱਤੇ ਪਾਈ ਪੋਸਟ ਵਿੱਚ ਕਿਹਾ, ‘‘ਮਾਣਯੋਗ ਸੁਪਰੀਮ ਕੋਰਟ ਦੇ ਹੁਕਮਾਂ ਤੋਂ ਬਾਅਦ ਚੋਣ ਕਮਿਸ਼ਨ ਨੂੰ ਹੁਣ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਤੀਬਰ ਸੁਧਾਈ ਵਿੱਚ ਵੋਟਰ ਸ਼ਨਾਖਤੀ ਕਾਰਡ, ਆਧਾਰ ਕਾਰਡ ਅਤੇ ਰਾਸ਼ਨ ਕਾਰਡ ਸ਼ਾਮਲ ਕਰਨੇ ਪੈਣਗੇ। ਇਹ ਵੱਡੀ ਗਿਣਤੀ ਵੋਟਰਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਹੋਣ ਤੋਂ ਬਚਾਏਗਾ।’’ ਉਨ੍ਹਾਂ ਅੱਗੇ ਕਿਹਾ, ‘‘ਇਸ ਤੋਂ ਇਲਾਵਾ ਚੋਣ ਕਮਿਸ਼ਨ ਦਾ ਕੋਈ ਰੋਕ ਨਾ ਲਗਾਉਣ ਦਾ



ਦਾਅਵਾ ਸਪੱਸ਼ਟ ਤੌਰ ’ਤੇ ਬੇਨਕਾਬ ਹੋ ਗਿਆ ਹੈ। ਹੁਕਮ ਦੇ ਪੰਨਾ 7 ’ਤੇ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਕੱਲ੍ਹ ਕਿਸੇ ਵੀ ਪਟੀਸ਼ਨਰ ਨੇ ਕੋਈ ਰੋਕ ਨਹੀਂ ਮੰਗੀ ਸੀ। ਜਾਣਬੁੱਝ ਕੇ ਗੁੰਮਰਾਹ ਕਰਨ ਵਾਲਾ ਅਜਿਹਾ ਸੁਰਖੀ ਪ੍ਰਬੰਧਨ ਸੰਵਿਧਾਨਕ ਅਥਾਰਿਟੀ ਨੂੰ ਸ਼ੋਭਾ ਨਹੀਂ ਦਿੰਦਾ।’’

**ਗ਼ਲਤ ਵਿਆਖਿਆ ਕਰ ਰਹੀ ਹੈ ਕਾਂਗਰਸ: ਭਾਜਪਾ**

ਭਾਜਪਾ ਆਗੂ ਅਮਿਤ ਮਾਲਵੀਆ।

ਕਾਂਗਰਸੀ ਆਗੂ ਜੈਰਾਮ ਰਮੇਸ਼ ਨੂੰ ਮੋੜਵਾਂ ਜਵਾਬ ਦਿੰਦਿਆਂ ਭਾਜਪਾ ਨੇ ਉਨ੍ਹਾਂ ’ਤੇ ਸੁਪਰੀਮ ਕੋਰਟ ਦੀਆਂ ਟਿੱਪਣੀਆਂ ਦੀ ਗ਼ਲਤ ਵਿਆਖਿਆ ਕਰਨ ਦਾ ਦੋਸ਼ ਲਗਾਇਆ ਹੈ। ਭਾਜਪਾ ਦੇ ਆਈਟੀ ਵਿੰਗ ਦੇ ਮੁਖੀ ਅਮਿਤ ਮਾਲਵੀਆ ਨੇ ‘ਐਕਸ’ ਉੱਤੇ ਪਾਈ ਆਪਣੀ ਪੋਸਟ ਵਿੱਚ ਕਿਹਾ, ‘‘ਸੁਪਰੀਮ ਕੋਰਟ ਦੀ ਗ਼ਲਤ ਵਿਆਖਿਆ ਬੰਦ ਕਰੋ। ਅਦਾਲਤ ਨੇ ਕਿਸੇ ਵੀ ਵਾਧੂ ਦਸਤਾਵੇਜ਼ਾਂ ਨੂੰ ਸਵੀਕਾਰ ਕਰਨ ਦਾ ਆਦੇਸ਼ ਨਹੀਂ ਦਿੱਤਾ ਹੈ ਬਲਕਿ ਸਿਰਫ਼ ਇਹ ਕਿਹਾ ਹੈ ਕਿ ਉਹ ਉਨ੍ਹਾਂ ’ਤੇ ਵਿਚਾਰ ਕਰ ਸਕਦੀ ਹੈ। ਜਸਟਿਸ ਧੂਲੀਆ ਨੇ ਸਪੱਸ਼ਟ ਤੌਰ ’ਤੇ ਕਿਹਾ ਹੈ ਕਿ ਭਾਰਤ ਦਾ ਚੋਣ ਕਮਿਸ਼ਨ ਕਿਸੇ ਵੀ ਦਸਤਾਵੇਜ਼ ਨੂੰ ਬਾਹਰ ਰੱਖਣ ਲਈ ਵੈਧ ਕਾਰਨ ਦਰਜ ਕਰਨ ਵਾਸਤੇ ਆਜ਼ਾਦ ਹੈ। ਅਦਾਲਤੀ ਟਿੱਪਣੀਆਂ ਨੂੰ ਜਾਣਬੁੱਝ ਕੇ ਗ਼ਲਤ ਢੰਗ ਨਾਲ ਪੇਸ਼ ਕਰਨਾ ਖ਼ਤਰਨਾਕ ਹੈ, ਤੁਹਾਨੂੰ ਅਦਾਲਤ ਦੇ ਅਪਮਾਨ ਲਈ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ।’’

for more news visit:
www.samajweekly.com

Namo Buddhaye



DHAMMA WAVES

Jai Bheem



Watch us Live on Facebook every Sunday at 8 pm Indian Time
live call : +91-966-797-2248
E-mail : dhammawaves.info@gmail.com

Follow Us : www.Dhammawaves.com YouTube Dhammawaves
E-mail : dhammawaves.info@gmail.com



Venerable Bhikkhu Bodhiratna Mahathero

**Dhamma Desna By : Venerable Bhikkhu Bodhiratna Mahathero (Nagpur)**

Bhikkhu Topic : "The Importance of the Rainy Season in Buddhism (Vassa – The Rains Retreat)"
बौद्धों के लिए बर्षावास का महत्त्व
ਬੋਧੀਆਂ ਲਈ ਵਰਸ਼ਾਵਾਸ ਦਾ ਮਹੱਤਵ

Topic: भारत में चुनाव आयोग का विरोध क्यों हो रहा है?



Sunday
July.13th,25
at 8 PM
Indian Time

Guest Speaker : Mr. Musafir Subhash Chandra

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**